# ਅੰਮ੍ਰਿਤ ਕੀਰਤਨ

ਈ–ਮੈਗਜ਼ੀਨ | e-Magazine

ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥
In Assu, come, my Beloved; the soul-bride is grieving to death.
ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥
She can only meet Him, when God leads her to meet Him;
she is ruined by the love of duality.
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥
If she is plundered by falsehood, then her Beloved forsakes her.
Then, the white flowers of old age blossom in my hair.
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥
Summer is now behind us, and the winter season is ahead.
Gazing upon this play, my shaky mind wavers
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥
In all ten directions, the branches are green and alive.
That which ripens slowly, is sweet.
ਨਾਨਕ ਅਸੁਨ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥
O Nanak! In Assu, please meet me, my Beloved.
The True Guru has become my Advocate and Friend.

(ਤੁਖਾਰੀ ਛੰਤ ਮਹਲਾ ੧ ਬਾਰਹਮਾਹਾ ਅੰਗ ੧੧੦੮)

ਸੰਪਾਦਕ
ਡਾ. ਜਾਗੀਰ ਸਿੰਘ

ਸਤੰਬਰ 2025



# ਖ

ਖੋਲ੍ਹ ਕਪਾਟ ਬੰਦੇ ਤੂੰ ਸੁਣ ਲੈ,
ਰੱਬ ਬਿਨਾ ਨ ਕੋਈ ਹੂ।
ਰੱਖਿਆ ਕਰੀ ਪ੍ਰਹਿਲਾਦ ਭਗਤ ਦੀ,
ਆਪਣੀ ਸੜ ਗਈ ਲੋਈ ਹੂ।
ਸੇਵਾ ਕੀਤੀ ਰੱਬ ਦੀ ਜਿਸ ਨੇ,
ਆਖਰ ਬਚਿਆ ਸੋਈ ਹੂ।
ਹਰਖ, ਸੋਗ ਤੇ ਰਹੇ ਨਿਆਰਾ,
ਸੰਤੋਖ ਜਪਿਆ ਸੋਈ ਹੂ।

ਪੁਸਤਕ – ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ


* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
**ਸਤਿਗੁਰ ਹੋਇ ਦਿਆਲ** 2

**ਗੁਰਮਤਿ ਸੰਗੀਤ ਵਿਚ ਰਾਗ ਆਸਾ** 6
ਡਾ. ਗੁਰਨਾਮ ਸਿੰਘ

**ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਵੱਲ ਆਪਣੇ ਮੂਲ ਰੂਪ ਵਿੱਚ**
ਗੁਰਦੇਵ ਸਿੰਘ (ਡਾ.) 9

**ਤਬਲਾ ਵਾਦਕ-ਪ੍ਰੋਫੈਸਰ ਮੋਹਨ ਸਿੰਘ**
ਭਾਈ ਕਰਮ ਸਿੰਘ ਰਤਨ (ਸੁਵਰਗਵਾਸੀ) 13

**ਪੰਜਾਬ ਦੇ ਸੰਗੀਤ ਦਾ ਮਹਾਨ ਕੋਸ਼-ਬਲਬੀਰ ਸਿੰਘ ਕੰਵਲ**
ਡਾ. ਜਾਗੀਰ ਸਿੰਘ 16

**Bhai Shamsher Singh Zakhmi**
Dr. Amardev Singh 18

**ਸੁਰਲਿਪੀ - ਰਾਗੁ ਭੁਪਾਲੀ** 20
ਗੁਰਬਖਸ਼ ਸਿੰਘ


**ਮੈਗਜੀਨ ਦਾ ਸਾਲਾਨਾ ਚੰਦਾ : 500/-ਰੁਪਏ**

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :
**AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਸਤਿਗੁਰ ਹੋਇ ਦਇਆਲ

ਮੇਰੇ ਇੱਕ ਬਜ਼ੁਰਗ ਮਿੱਤਰ ਹਨ- ਪ੍ਰੋਫੈਸਰ ਜੀ. ਐਸ. ਕੈਂਥ। ਉਹ ਆਈ. ਆਈ. ਟੀ. ਕਾਨਪੁਰ ਤੋਂ ਪ੍ਰੋਫੈਸਰ ਦੇ ਅਹੁਦੇ ਤੋਂ ਰਿਟਾਇਰ ਹੋਏ ਹਨ। ਮੇਰਾ ਬੇਟਾ ਅੱਜ ਕਲ੍ਹ ਇਥੇ ਅਸਿਸਟੈਂਟ ਪ੍ਰੋਫੈਸਰ ਹੈ। ਇਸ ਲਈ ਕਾਨਪੁਰ ਦੀ ਇਸ ਸੰਸਥਾ ਵਿੱਚ ਜਾਣ ਦਾ ਮੌਕਾ ਮਿਲਦਾ ਰਹਿੰਦਾ ਹੈ। ਉਥੇ ਇੱਕ ਗੁਰਦੁਆਰਾ ਵੀ ਸਥਾਪਿਤ ਕੀਤਾ ਗਿਆ ਹੈ। ਪ੍ਰੋਫੈਸਰ ਕੈਂਥ ਜੀ ਉਸ ਗੁਰਦੁਆਰਾ ਸਾਹਿਬ ਨੂੰ ਸਥਾਪਿਤ ਕਰਨ ਦੀ ਕਹਾਣੀ ਬੜੇ ਪਿਆਰ ਨਾਲ ਸੁਣਾਉਂਦੇ ਹਨ। ਉਹਨਾਂ ਨੂੰ ਕੀਰਤਨ ਦਾ ਸ਼ੌਕ ਹੈ ਤੇ ਉਹ ਕੀਰਤਨ ਦੀਆਂ ਨੋਟੇਸ਼ਨਾਂ ਨੂੰ ਵੇਖ ਕੇ ਕੀਰਤਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਇੱਕ ਦਿਨ ਮੈਂ ਆਪਣੇ ਗਾਇਨ ਕੀਤੇ ਸ਼ਬਦ ਦੀ ਰਿਕਾਰਿੰਡਗ ਭੇਜੀ। ਸ਼ਬਦ ਹੈ- ਸਤਿਗੁਰ ਹੋਇ ਦਇਆਲ ਤ ਸਰਧਾ ਪੂਰੀਐ॥ ਉਹਨਾਂ ਨੇ ਲਿਖ ਕੇ ਭੇਜਿਆ-ਸਤਿਗੁਰ ਹੋਇ ਦਇਆਲ------। ਪਰ ਸਤਗੁਰ ਕਿਵੇਂ ਦਿਆਲ ਹੋਵੇ?

ਇਸ ਤੋਂ ਬਾਅਦ ਮੈਂ ਆਪਣੀ ਆਦਤ ਮੁਤਾਬਿਕ ਗੁਰਬਾਣੀ ਵਿੱਚੋਂ ਹੀ ਸਤਿਗੁਰੂ ਦੀ ਮਹਿਮਾ ਬਾਰੇ ਜਾਣਨ ਦੀ ਕੋਸ਼ਿਸ਼ ਸ਼ੁਰੂ ਕੀਤੀ।

ਸਤਿਗੁਰੁ ਹੋਇ ਦਇਆਲ ਤ ਸਰਧਾ ਪੂਰੀਐ॥
ਸਤਿਗੁਰੁ ਹੋਇ ਦਇਆਲ ਨ ਕਬਹੂੰ ਝੂਰੀਐ॥
ਸਤਿਗੁਰੁ ਹੋਇ ਦਇਆਲ ਤ ਦੁਖੁ ਨ ਜਾਣੀਐ॥
ਸਤਿਗੁਰੁ ਹੋਇ ਦਇਆਲ ਤਾ ਹਰਿ ਰੰਗ ਮਾਣੀਐ॥
ਸਤਿਗੁਰੁ ਹੋਇ ਦਇਆਲ ਤਾ ਜਮ ਕਾ ਡਰੁ ਕੇਹਾ॥
ਸਤਿਗੁਰੁ ਹੋਇ ਦਇਆਲ ਤਾ ਸਦ ਹੀ ਸੁਖੁ ਦੇਹਾ॥
ਸਤਿਗੁਰੁ ਹੋਇ ਦਇਆਲ ਤਾ ਨਵ ਨਿਧਿ ਪਾਈਐ॥
ਸਤਿਗੁਰੁ ਹੋਇ ਦਇਆਲ ਤਾ ਸਚਿ ਸਮਾਈਐ ॥25॥

ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦੀ ਰਚੀ ਮਾਝ ਰਾਗ ਦੀ ਵਾਰ ਦੀ 25ਵੀਂ ਪਉੜੀ ਹੈ।

ਜੇ ਗੁਰੂ ਦੇ ਅਰਥ ਜਾਂ ਸੰਕਲਪ ਸਧਾਰਨ ਪੱਧਰ ਤੇ ਸਮਝਣੇ ਹੋਣ ਤਾਂ ਇਹ ਦੱਸਿਆ ਹੈ ਜੋ ਗਿਆਨ ਦੇਵੇ ਉਹ ਗੁਰੂ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਤੇ ਸਿੱਖ ਵਿਚਾਰਧਾਰਾ ਵਿੱਚ ਵਿਅਕਤੀਗਤ ਅਤੇ ਵਿਚਾਰਕ ਦੋਵੇਂ ਪੱਖਾਂ ਤੋਂ ਗੁਰੂ ਨੂੰ ਮਾਨਤਾ ਦਿੱਤੀ ਗਈ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਾਂ ਗੁਰੂ ਸਾਹਿਬਾਨ ਨੂੰ ਗੁਰੂ ਮੰਨਿਆ ਗਿਆ ਹੈ। ਅਤੇ ਫਿਰ 'ਬਾਣੀ ਗੁਰੂ' ਅਤੇ 'ਸ਼ਬਦ ਗੁਰੂ' ਦਾ ਸੰਕਲਪ ਵੀ ਮੰਨਦੇ ਹਾਂ। ਕੁਝ ਵਿਦਵਾਨ ਤਾਂ ਭਗਤਾਂ ਦਾ ਗੁਰੂ ਵੀ ਗੁਰੂ ਨਾਨਕ ਸਾਹਿਬ ਨੂੰ ਮੰਨਦੇ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਣ ਕਾਰਨ ਭਗਤਾਂ ਬਾਣੀ ਨੂੰ ਵੀ ਗੁਰੂ ਦਾ ਦਰਜਾ ਦੇਂਦਿਆਂ ਭਗਤਾਂ ਦੀ ਵੀ ਗੁਰੂ ਵਾਂਗ ਸਤਿਕਾਰ ਕਰਦੇ ਹਨ।

ਮੈਂ ਜਦੋਂ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਉਤਸਵ ਤੇ ਕੀਰਤਨ ਕਰਦਾ ਹਾਂ ਤਾਂ ਗੁਰੂ ਦੀ ਮਹਿਮਾ ਬਾਰੇ ਸ਼ਬਦ ਗਾਇਨ ਕਰਦਾ ਹਾਂ। ਜਿਵੇਂ ਆਮ ਤੌਰ ਤੇ ਪਹਿਲਾ ਸ਼ਬਦ ਗਾਇਨ ਕਰਦਾ ਹਾਂ-

ਸਾ ਧਰਤਿ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥
ਧਨ ਧੰਨ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ॥ (ਮਹਲਾ ੪, ਅੰਗ ੩੧੦)

ਇਸ ਸ਼ਬਦ ਨੂੰ ਗਾਇਨ ਕਰਦਿਆਂ ਮੈਂ ਬਹੁਤੀ ਵਾਰ ਸਥਾਈ 'ਧਨੁ ਧੰਨੁ ਪਿਤਾ ਧਨੁ ਧੰਨੁ ਕੁਲ' ਤੁਕ ਨੂੰ ਬਣਾਉਂਦਾ ਹਾਂ। ਫਿਰ ਗੁਰਪੁਰਬ ਨਾਲ ਸਬੰਧਤ ਗੁਰੂ ਸਾਹਿਬ ਨਾਲ ਪ੍ਰਸੰਗ ਜੋੜਨ ਲਈ 'ਸਾ ਧਰਤਿ ਭਈ ਹਰੀਆਵਲੀ' ਤੁਕ

ਨਾਲ ਪ੍ਰਮਾਣ ਦੇਣ ਸਮੇਂ ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਤ ਪ੍ਰਮਾਣ ਦਿੰਦਾ ਹਾਂ-ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ॥ ਆਦਿ ਅਤੇ ਜੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ ਹੁੰਦਾ ਤਾਂ 'ਤਹੀ ਪ੍ਰਕਾਸ਼ ਹਮਾਰਾ ਭਇਓ। ਪਟਨਾ ਸਹਰ ਵਿਖੇ ਭਵਿ ਲਇਓ। ' ਆਦਿ ਪ੍ਰਮਾਣ ਦਿੰਦਾ ਹਾਂ। ਕਈ ਵਾਰ ਮੈਂ ਇਹ ਸ਼ਬਦ ਵੀ ਗਾਇਨ ਕਰਦਾ ਹਾਂ-

ਸਤਿਗੁਰੁ ਮੇਰਾ ਬੇਮੁਹਤਾਜ॥ ਸਤਿਗੁਰ ਮੇਰੇ ਸਚਾ ਸਾਜੁ॥
ਸਤਿਗੁਰੁ ਮੇਰਾ ਸਭਸ ਕਾ ਦਾਤਾ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ॥1॥
ਗੁਰ ਜੈਸਾ ਨਾਹੀ ਕੋ ਦੇਵ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ॥1॥ ਰਹਾਉ
ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥ ਸਤਿਗੁਰੁ ਮੇਰਾ ਮਾਰਿ ਜੀਵਾਲੇ॥
ਸਤਿਗੁਰੁ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ॥2॥
ਸਤਿਗੁਰੁ ਮੇਰਾ ਤਾਣੁ ਨਿਤਾਣੁ॥ ਸਤਿਗੁਰੁ ਮੇਰਾ ਘਰਿ ਦੀਬਾਣੁ॥
ਸਤਿਗੁਰ ਕੈ ਹਉ ਸਦ ਬਲਿ ਜਾਇਆ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ॥3॥
ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ॥
ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥4॥ (ਭੈਰਉ ਮਹਲਾ ੫, ਅੰਗ ੧੧੪੨)

ਇਹ ਸ਼ਬਦ ਗਾਇਨ ਕਰਦਿਆਂ ਜਦੋਂ ਅੰਤਰੇ ਦੀਆਂ ਤੁਕਾਂ ਗਾਇਨ ਕਰਦਾ ਹਾਂ-
'ਸਤਿਗੁਰੁ ਮੇਰੇ ਕੀ ਵਡਿਆਈ॥ ਪ੍ਰਗਟੁ ਭਈ ਹੈ ਸਭਨੀ ਥਾਈ' ਤਾਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਮੌਕੇ ਤੇ ਪ੍ਰਮਾਣ ਦਿੰਦਾ ਹਾਂ-

ਸੁਣੀ ਅਰਦਾਸਿ ਸੁਆਮੀ ਮੇਰੇ ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ (ਸੋਰਠਿ ਮਹਲਾ ੫, ਅੰਗ ੬੧੧)
ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥
ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲਿ ਰਾਖੀ ਮੇਰੀ॥ (ਸੂਹੀ ਮਹਲਾ ੫, ਅੰਗ ੭੫੦)
ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥
ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ॥
(ਸੋਰਠਿ ਮਹਲਾ ੫, ਅੰਗ ੬੧੨)

ਗੁਰੂ ਦੀ ਮਹਿਮਾ ਬਾਰੇ ਹੇਠ ਲਿਖੀਆਂ ਤੁਕਾਂ ਦਾ ਗਾਇਨ ਕਰਦਾ ਹਾਂ-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥ (ਮਹਲਾ ੨, ਅੰਗ ੪੬੩)
ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥ (ਸਲੋਕ ਮਹਲਾ ੨, ਅੰਗ ੧੨੩੭)

ਜਦੋ ਅੰਤਰਾ ਗਾਇਨ ਕਰਦਾ ਹਾਂ-

ਸਤਿਗੁਰ ਕੈ ਹਉ ਸਦ ਬਲਿ ਜਾਇਆ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ॥

ਤਾਂ ਪ੍ਰਮਾਣ ਦਿੰਦਾ ਹਾਂ-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥ (ਸਲੋਕ ਮਹਲਾ ੧, ਅੰਗ ੪੬੨)

ਭਾਈ ਵੀਰ ਸਿੰਘ ਜੀ ਨੇ 'ਗੁਰੂ' ਦੇ ਸੰਗਲਪ ਬਾਰੇ ਗੁਰੂ ਗ੍ਰੰਥ ਸਾਹਿਬ ਦੀ ਸੰਥਯਾ ਪਹਿਲੀ ਪੋਥੀ ਵਿੱਚ ਵਿਸਥਾਰ ਸਹਿਤ ਚਰਚਾ ਕੀਤੀ ਹੈ। ਉਸ ਤੋਂ ਕੁਝ ਸਮਝਣ ਕੀ ਕੋਸ਼ਿਸ਼ ਕਰਦੇ ਹਾਂ।

ਜਪੁ ਜੀ ਵਿੱਚ ਦਰਜ ਮੂਲ ਮੰਤਰ ਦਾ ਆਖਰੀ ਪੱਦ ਗੁਰ ਪ੍ਰਸਾਦਿ ਹੈ। ਇਸ ਦੇ ਅਰਥ ਇਹ ਦੱਸੇ ਹਨ ਕਿ 'ਗੁਰ ਪ੍ਰਸਾਦਿ' ਅਰਥਾਤ ਗੁਰੂ ਦੀ ਕਿਰਪਾ ਦੁਆਰਾ ਨਾਲ ਪ੍ਰਾਪਤ ਹੁੰਦਾ ਹੈ।

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ॥ (ਰਾਮਕਲੀ ਸਦ)

ਭਾਈ ਵੀਰ ਜੀ ਅਨੁਸਾਰ ਗੁਰਬਾਣੀ ਵਿੱਚ ਗੁਰੂ ਪਦ ਅਕਾਲ ਪੁਰਖ ਦਾ ਵਾਚਕ ਬੀ ਆਇਆ ਹੈ-

ਅਪਰੰਪਰ ਪਾਰਬ੍ਰਹਮ ਪਰਮੇਸਰੁ ਨਾਨਕ ਗੁਰ ਮਿਲਿਆ ਸੋਈ ਜੀਉ ॥ (ਸੋਰਠਿ ਮਹਲਾ ੧)

ਗੁਰ ਪਰਮੇਸਰ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ॥ (ਰਾਮਕਲੀ ਮਹਲਾ ੧)

ਫਿਰ ਇਹ ਪਦ ਗੁਰੂ ਨਾਨਕ ਦੇਵ ਜੀ ਦੇ ਪਰਥਾਇ ਆਇਆ ਹੈ।

ਗੁਰੁ ਨਾਨਕ ਨਾਨਕੁ ਹਰਿ ਸੋਇ॥ (ਗੌਂਡ ਮਹਲਾ ੫)

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮਹਲਾ ੫)

ਗੁਰ ਨਾਨਕ ਜਿਨ ਸੁਣਿਆ ਪੇਖਿਆ----(ਸੋਰਠ ਮਹਲਾ ੫)

ਫਿਰ ਇਹ ਪਦ ਗੁਰੂ ਨਾਨਕ ਦੇਵ ਜੀ ਦੇ ਗੱਦੀ ਨਸ਼ੀਨ ਗੁਰੂ ਸਾਹਿਬਾਂ ਲਈ ਆਇਆ ਹੈ-

ਗੁਰ ਅੰਗਦ ਦੀ ਦੋਹੀ ਫਿਰੀ--(ਰਾਮਕਲੀ ਵਾਰ ਸਤਾ ਬਲਵੰਡ)

ਸਚੁ ਸਚਾ ਸਤਿਗੁਰੁ ਅਮਰੁ ਹੈ----(ਵਾਰ ਗਉੜੀ ਮਹਲਾ ੫)

ਭਨਿ ਮਥੁਰਾ ਕਛੁ ਭੇਦੁ ਨਹੀਂ ਗੁਰੁ ਅਰਜਨ ਪਰਤਖ ਹਰਿ॥ (ਸਵਈਏ ਮਹਲਾ ੫ ਕੇ)

ਦਸਮ ਗੁਰੂ ਜੀ ਨੇ ਸਾਰੇ ਗੁਰੂ ਸਾਹਿਬਾਂ ਨੂੰ 'ਇਕ ਰੂਪ' ਕਿਹਾ ਹੈ-

ਸ੍ਰੀ ਨਾਨਕ ਅੰਗਦ ਕਰ ਮਾਨਾ॥ ਅੰਗਦ ਅਮਰਦਾਸ ਪਹਿਚਾਨਾ॥

ਅਮਰਦਾਸ ਰਾਮਦਾਸ ਕਹਾਯੋ॥ ਸਾਧਨ ਲਖਾ ਮੂੜ ਨਹਿ ਪਾਯੋ॥

ਭਿੰਨ ਭਿੰਨ ਸਭਹੂੰ ਕਰਿ ਜਾਨਾ॥ ਏਕ ਰੂਪ ਕਿਨਹੂ ਪਹਿਚਾਨਾ॥

ਜਿਨ ਜਾਨਾ ਤਿਨਹੀ ਸਿਧ ਪਾਈ॥ ਬਿਨ ਸਮਝੇ ਸਿਧ ਹਾਥ ਨ ਆਈ॥ (ਬਚਿਤ੍ਰ ਨਾਟਕ)

ਸੋ ਗੁਰਸਿਖੀ ਵਿਚ ਇਹ ਪਦ ਦਸੋਂ ਗੁਰੂ ਸਾਹਿਬਾਨ ਵਾਸਤੇ ਮਖਸੂਸ ਹੈ। ਦਸੋਂ ਗੁਰੂ ਸਾਹਿਬ 'ਇਨਸਾਨ ਗੁਰੂ' ਨਹੀਂ ਪਰ 'ਦੈਵ ਗੁਰੂ' ਮੰਨੇ ਗਏ ਹਨ, ਜੈਸਾ ਕਿ ਫੁਰਮਾਨ ਹੈ-

ਗੁਰ ਨਾਨਕ ਦੇਵ ਗੋਵਿੰਦ ਰੂਪ॥ (ਬਸੰਤ ਮਹਲਾ ੫)

ਗੁਰੁ ਨਾਨਕੁ ਨਾਨਕੁ ਹਰਿ ਸੋਇ॥ (ਗੋਂਡ ਮਹਲਾ ੫)

ਗੁਰੂ ਪਦ ਦਾ ਅਰਥ, ਜਦ ਉਹ ਉਪ੍ਰੋਕਤ ਗੁਰੂ ਸਾਹਿਬਾਨ ਤੇ ਵਰਤਿਆ ਜਾਂਦਾ ਹੈ, ਤਾਂ ਉਸਤਾਦ ਮਾਤ੍ਰ ਯਾ ਦੀਖਯਾ ਦਾਤਾ ਮਾਤ੍ਰ ਨਹੀਂ, ਪਰ ਵਾਹਿਗੁਰੂ ਦੀ 'ਗੁਰੂ ਜਯੋਤੀ' ਤੋਂ ਹੈ। ਇਹ ਜਯੋਤਿ ਹੀ ਸਾਰੇ ਗੁਰੂ ਸਾਹਿਬਾਂ ਵਿਚ ਕੰਮ ਕਰਦੀ ਹੈ। (ਗੁਰ ਜੋਤਿ ਅਰਜਨੁ ਮਾਹਿ ਧਰੀ॥ ਸਵਈਏ ਮਹਲੇ ੫ ਕੇ) ਇਸ ਜੋਤਿ ਵਾਲੇ 'ਦੈਵ ਗੁਰੂ' ਹਨ।

ਦਸਾਂ ਗੁਰੂ ਸਾਹਿਬਾਂ ਦੇ ਸਰੀਰ-ਤਿਆਗ ਮਗਰੋਂ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰੱਖੀ ਗਈ ਤੇ ਪੰਥ ਉਨ੍ਹਾਂ ਦੀ ਤਾਬਿਆ ਗੁਰੂ ਕੀਤਾ ਗਿਆ, ਸੋ ਪੰਜ ਪਿਆਰੇ ਗੁਰੂ ਗ੍ਰੰਥ ਦੀ ਤਾਬਿਆ ਹੋ ਕੇ ਦੀਖਿਆ ਦੇਣ ਦਾ ਕਾਰਜ ਕਰਦੇ ਹਨ। (ਇਕ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ॥ ਵਾਰ ਭਾਈ ਗੁਰਦਾਸ ੧੩-੧੯)

ਦੀਖਿਅਤ ਪੁਰਖ ਨੂੰ ਨਾਮ ਅਭਿਆਸ ਵਿਚ ਮੁਸ਼ਕਲਾਂ ਦੇ ਹੱਲ ਤੇ ਸਹਾਇਤਾ ਦਾ ਕਾਰਜ ਗੁਰਮੁਖ ਕਰਦੇ ਹਨ। ਗੁਰਮੁਖ ਨੂੰ ਗੁਰੂ ਬਾਣੀ ਵਿਚ 'ਸੰਤ, ਜਨ, ਹਰੀਜਨ, ਸਾਧੂ' ਕਈ ਨਾਮਾਂ ਨਾਲ ਵਰਣਨ ਕੀਤਾ ਹੈ। ਗੁਰੂ ਸਾਹਿਬਾਂ ਦੇ ਆਪਣੇ ਸਮੇਂ ਭੀ ਦੂਰ ਦੂਰ ਥਾਈਂ ਗੁਰਮੁਖ ਹੀ ਦੀਖਿਆ ਦੇਣ ਦਾ ਕੰਮ ਕਰਦੇ ਸਨ, ਪਰ ਉਹ ਆਪ ਗੁਰੂ ਸਾਹਿਬਾਂ ਦੇ ਤੁੱਲ 'ਦੈਵ ਗੁਰੂ' ਹੋਣ ਦਾ ਦਾਅਵਾ ਨਹੀਂ ਸਨ ਕਰਦੇ। ਸਭ ਸਿੱਖਾਂ ਨੂੰ ਲਿਆ ਕੇ ਗੁਰੂ ਕੀ ਚਰਨੀਂ ਲਾਉਂਦੇ ਸਨ। ਹੁਣ ਭੀ 'ਗੁਰਮੁਖ ਦਾ ਮੇਲ' ਅਰਦਾਸੇ ਵਿਚ ਰੋਜ਼ ਮੰਗੀਦਾ ਹੈ। ਯਥਾ- 'ਗੁਰਮੁਖ ਦਾ ਮੇਲ, ਸਾਧ ਦਾ ਸੰਗ, ਸੇਈ ਪਿਆਰੇ ਮੇਲੀਂ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ।'

ਗੁਰਬਾਣੀ ਵਿਚ 'ਗੁਰਮੁਖਾਂ' ਤੇ 'ਗੁਰਸਿੱਖਾਂ' ਨੂੰ ਨਾਮ ਪ੍ਰਚਾਰ ਦਾ ਅਧਿਕਾਰ ਦਿੱਤਾ ਹੈ। ਯਥਾ-

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ॥

ਸਦਾ ਅਲਿਪਤ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ॥ (ਸੂਹੀ ਮਹਲਾ ੩)

ਸੋ ਕਿਸੇ ਗੁਰਮੁਖ ਨੂੰ, ਚਾਹੇ ਕਿਤਨਾ ਪਾਰਗਿਰਾਮੀ ਹੋਵੇ, ਦਸਾਂ ਗੁਰੂ ਸਾਹਿਬਾਂ ਦੇ ਤੁੱਲ ਮੰਨਣਾ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੋਂ ਇਨਕਾਰ ਕਰਨਾ, ਗੁਰਮਤਿ ਨਹੀਂ। ਪਰ ਗੁਰਮੁਖ, ਗੁਰਸਿਖ, ਸੰਤ ਆਦਿ ਨਾਮ-ਪ੍ਰੇਮੀਆਂ ਦੇ ਸੰਤਿਸੰਗ ਤੋਂ ਵਾਂਜੇ ਜਾਣਾ ਭੀ ਗੁਰਮਤਿ ਅਨਕੂਲ ਨਹੀਂ।

ਆਮ ਤੌਰ ਤੇ ਜਦ ਕੋਈ ਦੀਖਯਤ ਹੋ ਜਾਂਦਾ ਸੀ ਤਾਂ ਗੁਰਮੁਖ ਹੋ ਗਿਆ ਕਹਾਉਂਦਾ ਸੀ, ਪਰ ਸਿੱਧ ਗੋਸ਼ਟ

ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿਖ ਨੂੰ, ਜੋ ਉੱਨਤੀ ਕਰਕੇ ਕਮਾਲ ਨੂੰ ਪਹੁੰਚਾ ਹੈ 'ਗੁਰਮੁਖ' ਆਖਿਆ ਹੈ। ਯਥਾ-

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥ 71 ॥
ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰੁ ਪਰਮ ਪਦ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥ 27 ॥

ਨਾਮ ਦੇ 'ਪ੍ਰਚਾਰ' ਕਰਨ ਦਾ ਅਧਿਕਾਰ ਸ੍ਰੀ ਗੁਰੂ ਸਾਹਿਬਾਨ ਜੀ ਨੇ 'ਗੁਰਸਿੱਖ' ਨੂੰ ਬੀ ਦਿੱਤਾ ਹੈ-

ਜਨੁ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
(ਗਉੜੀ ਵਾਰ ਮਹਲਾ ੪)

ਪੁਨਾ-ਗੁਰਮੁਖਿ ਘਾਲੈ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ (ਸੂਹੀ ਮਹਲਾ ੩)

ਜਪੁ ਜੀ ਦੀ ਪੰਜਵੀਂ ਪਉੜੀ ਵਿੱਚ 'ਗੁਰਮੁਖ' 'ਗੁਰੂ' ਦਾ ਉਲੇਖ ਹੋਇਆ ਹੈ-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੂ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ੫ ॥

ਭਾਈ ਵੀਰ ਸਿੰਘ ਜੀ ਨੇ ਇਹਨਾਂ ਤੁਕਾਂ ਦੇ ਅਰਥ ਕਰਨ ਸਮੇਂ ਪਹਿਲਾਂ ਪ੍ਰਸ਼ਨ ਖੜਾ ਕੀਤਾ- ਕਿਆ ਤੁਸੀਂ ਨਿਰੰਜਨ ਤੋਂ ਹੇਠਾਂ ਈਸ਼ਰ, ਸ਼ਿਵ, ਵਿਸ਼ਨੂੰ, ਬ੍ਰਹਮਾ ਆਦਿ ਸ਼ਕਤੇ ਤੇ ਪਾਰਬਤੀ, ਲਛਮੀ, ਸਰਸਵਤੀ ਆਦਿ ਸ਼ਕਤੀਆਂ ਨੂੰ ਨਹੀਂ ਮੰਨਦੇ ਹੋ, ਜਿਨ੍ਹਾਂ ਦਾ ਸਰਗੁਣ ਸਰੂਪ ਹੋਣ ਕਰਕੇ ਧਯਾਨ ਧਰਿਆ ਜਾ ਸਕਦਾ ਹੈ? ਉੱਤਰ-ਗੁਰੂ ਹੀ ਮੇਰਾ ਸ਼ਿਵ ਹੈ, ਗੁਰੂ ਹੀ ਮੇਰਾ ਵਿਸ਼ਨੂੰ, ਬ੍ਰਹਮਾ, ਗੁਰੂ ਹੀ ਮੇਰੀ ਪਾਰਬਤੀ, ਲਛਮੀ, ਸਰਸਵਤੀ ਹੈ।

(ਪ੍ਰਸ਼ਨ-ਬਿਨਾਂ ਉਨ੍ਹਾਂ ਦੇ ਮੰਨੇ ਦੇ ਨਾਦ ਤੇ ਵੇਦ ਸ਼ਬਦ ਤੇ ਗਯਾਨ-ਦਾ ਅਧਿਸ਼ਠਾਤਾ ਕੌਣ ਬਣੇਗਾ?

ਉੱਤਰ) ਗੁਰੂ ਦਾ (ਉਚਾਰਿਆ) ਵਾਕ ਮੇਰੇ ਲਈ ਨਾਦ ਹੈ, ਗੁਰੂ ਦਾ ਵਾਕ ਹੀ ਵੇਦ ਹੈ, ਕਿਉਂਕਿ ਗੁਰੂ ਵਾਕ ਵਿਚ ਨਿਰੰਜਨ ਸਮਾ ਰਿਹਾ ਹੈ। ਉਸ ਗੁਰੂ ਦੀ ਮਹਿਮਾ ਪੂਰੀ ਪੂਰੀ ਨਹੀਂ ਜਾਣ ਸਕੀਦੀ। ਜੇ ਮੈਂ ਜਾਣ ਬੀ ਲਵਾਂ ਤਾਂ ਵਰਣਨ ਨਹੀਂ ਕਰ ਸਕਦਾ। ਕਿਉਂਕਿ ਉਸ ਦਾ ਕਥਨ ਕਿਹਾ ਨਹੀਂ ਜਾ ਸਕਦਾ। ਇਸ ਲਈ ਮੇਰੀ ਤਾਂ ਉਸ ਅੱਗੇ ਹੀ ਅਰਦਾਸ ਕਿ ਹੇ ਗੁਰੋ ਮੈਨੂੰ ਇਕ ਗੱਲ ਬੁਝਾ ਦਿਓ ਕਿ ਸਭਨਾ ਜੀਆਂ ਦਾ ਜੋ ਇਕੋ ਦਾਤਾ ਹੈ ਓਹ ਮੈਨੂੰ ਕਦੇ ਵਿਸਰੇ ਨਾ।-----

ਪਰ ਗੁਰੂ ਦੇ ਸੰਕਲਪ ਬਾਰੇ ਅਜੇ ਹੋਰ ਬਹੁਤ ਕੁਝ ਸਮਝਣ ਦੀ ਲੋੜ ਹੈ, ਅਗਲੇ ਕਿਸੇ ਅੰਕ ਵਿੱਚ ਕੋਸ਼ਿਸ਼ ਕਰਾਂਗੇ----ਭੁੱਲ ਚੁੱਕ ਖਿਮਾ------ਜਾਗੀਰ ਸਿੰਘ

# ਗੁਰਮਤਿ ਸੰਗੀਤ ਵਿਚ ਰਾਗ ਆਸਾ

**ਡਾ. ਗੁਰਨਾਮ ਸਿੰਘ**

ਰਾਗ ਆਸਾ ਸਬੰਧੀ ਗਿਆਨ ਰਤਨਾਵਲੀ ਵਿਚ ਅੰਕਿਤ ਇਕ ਪ੍ਰਸੰਗ ਇਸ ਪ੍ਰਕਾਰ ਹੈ, "... ਤਾਂ ਫਿਰ ਸ਼ੇਖ਼ ਬ੍ਰਹਮ ਕਹਿਆ ਕਿ ਜੋ ਜੀ ਢਾਡੀ ਰਾਜਿਓਂ ਕੀ ਵਾਰ ਗਾਵਤੇ ਹੈਂ, ਅਰ ਕਾਇਰਾਂ ਮੇਂ ਭੀ ਉੱਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ, ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ, ਤਿਨੇਂ ਭੀ ਇੰਦਰੀਓਂ ਕੇ ਜੀਤਨੇ ਕਾ ਉੱਦਮ ਹੋਇ ਆਵਤਾ ਹੈ, ਤਾਂ ਤੇ ਤੁਸੀਂ ਭੀ ਮੈਨੂੰ ਕਾਈ ਪਰਮੇਸਰ ਕੀ ਵਾਰ ਸੁਣਾਵੋ, ਤਾਂ ਬਾਰੇ ਕਹਿਆ ਮਰਦਾਨਿਆ ਕਬੀਰ ਜੀ ਨੇ ਗਉੜੀ ਕੀ ਅਰ ਸਿੱਧੋਂ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ। ਅਰ ਹਮਾਰੇ ਸਭ ਹੀ ਰਾਗ ਹੈਂ, ਪਰ ਇਹ ਪੀਰ ਆਸਾਵੰਤੀ ਆਇਆ ਹੈ, ਸੋ ਆਸਾ ਕੇ ਰਾਗ ਕੀ ਵਾਰ ਵਿਚ ਵਾਰ ਸੁਣਾਵਹੁ।"

ਉਕਤ ਪ੍ਰਸੰਗ ਤੋਂ ਸੰਤਾਂ ਭਗਤਾਂ ਤੇ ਭਾਰਤੀ ਧਰਮ ਸੰਪਰਦਾਵਾਂ ਵਿਚ ਰਾਗ ਦੇ ਬਹੁਪੱਖੀ ਪ੍ਰਯੋਗ ਤੇ ਮਹੱਤਵ ਸਾਡੇ ਧਿਆਨ ਗੋਚਰ ਹਨ। ਗੁਰੂ ਸਾਹਿਬ ਨੇ ਰਾਗ ਦੀ ਅਪਾਰ ਸ਼ਕਤੀ ਦਾ ਸਦਉਪਯੋਗ ਕਰਦਿਆਂ ਆਪਣੀ ਇਲਾਹੀ ਬਾਣੀ ਦੇ ਪ੍ਰਵਾਹ ਤੇ ਸੰਚਾਰ ਲਈ ਭਰਪੂਰ ਰੂਪ ਵਿਚ ਕੀਤਾ ਹੈ। ਗੁਰੂ ਸਾਹਿਬਾਨ ਦੀ ਸੰਗੀਤ ਪਰੰਪਰਾ ਗੁਰਮਤਿ ਸੰਗੀਤ ਵਿਚ ਆਸਾ ਇਕ ਪ੍ਰਮੁਖ ਰਾਗ ਹੈ। ਸਦੀਆਂ ਤੋਂ ਅੰਮ੍ਰਿਤ ਵੇਲੇ ਰਾਗ ਆਸਾ ਵਿਚ ਆਸਾ ਦੀ ਵਾਰ ਦੀਆਂ ਮਧੁਰ ਸੁਰਾਵਲੀਆਂ ਅਤੇ ਸੰਧਿਆ ਸਮੇਂ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੋਦਰੁ ਦੀ ਪਉੜੀ ਦਾ ਗਾਇਨ ਸ਼ਬਦ ਕੀਰਤਨ ਪ੍ਰੇਮੀਆਂ ਦੇ ਚੇਤਨ ਅਵ੍ਚੇਤਨ ਦਾ ਅਨਿਖੜ ਅੰਗ ਹੈ। ਇਸ ਪਰੰਪਰਾ ਵਿਚ ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਬਹੁਪੱਖੀ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਇਸ ਸੰਗੀਤ ਪਰੰਪਰਾ ਵਿੱਚ ਇਸ ਰਾਗ ਦੇ ਮਹੱਤਵ ਨੂੰ ਭਲੀਭਾਂਤ ਉਜਾਗਰ ਕਰਦਾ ਹੈ। ਇਸ ਰਾਗ ਦਾ ਸਬੰਧ 'ਅਸ' ਦੇਸ਼ ਨਾਲ ਮੰਨਿਆ ਗਿਆ ਹੈ।'ਅਸ' ਦੇਸ ਦੇ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਸਾ ਦੀ ਵਾਰ' ਉੱਤੇ ਸਿਰਲੇਖ ਵਜੋਂ ਦਰਸਾਈ ਗਈ ਹੈ ਜੋ ਇਸ ਅੰਤਰ ਸਬੰਧ ਦਾ ਪ੍ਰਤੱਖ ਪ੍ਰਮਾਣ ਹੈ। ਟੁੰਡੇ ਅਸ ਰਾਜੇ ਦੀ ਵਾਰ ਦਾ ਮੂਲ ਕਾਵਿ ਕੁਝ ਇਸ ਪ੍ਰਕਾਰ ਹੈ:

ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹ ਅੱਜੇ।
ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ।
ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ।

ਇਸੇ ਕਾਵਿਕ ਪੈਟਰਨੋ ਤੇ ਆਸਾ ਦੀ ਵਾਰ ਦੀ ਪਉੜੀ ਇਸ ਪ੍ਰਕਾਰ ਹੈ:

ਪਉੜੀ ॥ ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥..................
ਕਰਿ ਆਸਣੁ ਡਿਠੋ ਚਾਉ ॥1॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੩)

ਇਨ੍ਹਾਂ ਦੀ ਕਾਵਿਕ ਸਮਰਸਤਾ ਨੂੰ ਆਸਾ ਦੀ ਵਾਰ ਉਪਰ ਧੁਨੀ ਸਿਰਲੇਖ ਲਿਖਕੇ ਗਾਇਨ ਵਿਚ ਸਮਸੁਰਤਾ ਪ੍ਰਦਾਨ ਕੀਤੀ ਗਈ ਹੈ। ਗੁਰਮਤਿ ਸੰਗੀਤ ਵਿਚ ਰਾਗ ਆਸਾ ਦੀ ਭਾਲ ਲਈ ਇਹ ਇਕ ਅਹਿਮ ਸਰੋਤ ਹੈ।

ਪੰਜਾਬ ਦੇ ਲੋਕ ਗੀਤਾਂ ਤੇ ਪੂਰਨ ਭਗਤ ਦੇ ਕਿੱਸੇ ਵਿਚ ਇਸ ਰਾਗ ਦਾ ਮੁਹਾਂਦਰਾਂ ਤੇ ਸੁਰਾਵਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਗੁਰਮਤਿ ਸੰਗੀਤ, ਲੋਕ ਸੰਗੀਤ ਤੋਂ ਬਿਨਾਂ ਸੂਫ਼ੀ ਸੰਗੀਤ ਵਿਚ ਇਸ ਰਾਗ ਦਾ ਖ਼ੂਬ ਪ੍ਰਚਲਨ ਹੈ। ਸੂਫ਼ੀ ਸੰਤਾਂ ਵਿਚ ਸ਼ੇਖ ਫਰੀਦ ਤੇ ਸ਼ਾਹ ਹੁਸੈਨ ਦੀ ਬਾਣੀ ਦਾ ਇਹ ਵਿਸ਼ੇਸ਼ ਸ਼ਿੰਗਾਰ ਹੈ।

ਗੁਰਮਤਿ ਸੰਗੀਤ ਦੀ ਮਰਿਆਦਤ ਕੀਰਤਨ ਪਰੰਪਰਾ ਵਿਚ ਆਸਾ ਰਾਗ ਸਵੇਰ ਤੇ ਸ਼ਾਮ ਦੋਵੇਂ ਸਮੇਂ ਗਾਇਆ ਜਾਂਦਾ ਹੈ ਜੋ ਗੁਰਮਤਿ ਸੰਗੀਤ ਨੂੰ ਭਾਰਤੀ ਸੰਗਤਿ ਦੇ ਸ਼ਾਸਤਰੀ ਸੰਗੀਤ ਦੇ ਸਮਾਂ ਸਿਧਾਂਤ ਤੋਂ ਦੀਆਂ ਵਲਗਣਾ ਤੋਂ ਮੁਕਤ ਕਰ ਸ਼ਬਦ ਪ੍ਰਧਾਨਤਾ ਤੇ ਸ਼ਬਦ ਨੇ ਗੁਰਮਤਿ ਸਿਧਾਂਤ ਦੇ ਲੜ੍ਹ ਲਾਉਂਦਾ ਹੈ। ਆਸਾ ਰਾਗ ਵਿਚ ਸਵੇਰ ਸਮੇਂ ਆਸਾ ਦੀ ਵਾਰ ਦੀ ਚੌਕੀ ਅਤੇ ਸ਼ਾਮ ਸਮੇਂ ਸੋਦਰ ਦੀ ਚੌਕੀ ਦਾ ਗਾਇਨ ਕੀਤਾ ਜਾਂਦਾ ਹੈ। ਇਹ ਦੋਵੇਂ

ਕੀਰਤਨ ਚੌਕੀਆਂ ਹਰ ਕੀਰਤਨੀ ਕੀਰਤਨ ਲਈ ਬੁਨਿਆਦੀ ਤੌਰ 'ਤੇ ਲਾਜ਼ਮੀ ਹਨ। ਇਸ ਲਈ ਕੀਰਤਨ ਲਈ ਇਨ੍ਹਾਂ ਕੀਰਤਨ ਚੌਕੀਆਂ ਤੇ ਰਾਗ ਆਸਾ ਦੀ ਸਿਖਲਾਈ ਵੀ ਬੁਨਿਆਦੀ ਮਹੱਤਵ ਰਖਦਾ ਹੈ। ਗੁਰਮਤਿ ਸੰਗੀਤ ਸਿਖਿਆ ਪ੍ਰਣਾਲੀ ਵਿਚ ਮੁਢਲੇ ਰਾਗਾਂ ਵਿਚ ਆਸਾ ਦੀ ਸਿਖਲਾਈ ਹੀ ਕਰਵਾਈ ਜਾਂਦੀ ਹੈ।

ਰਾਜਸਥਾਨ ਵਿਚ ਮਾਂਡ ਦਾ ਵਧੇਰੇ ਪ੍ਰਚਾਰ ਹੈ ਜਿਸ ਦਾ ਸੁਰਾਤਮਕ ਸਰੂਪ ਰਾਗ ਆਸਾ ਨਾਲ ਮਿਲਦਾ ਹੈ ਪਰੰਤੂ ਸੁਰਾਤਮਕ ਚਲਨ ਦੀ ਭਿੰਨਤਾ ਕਰਕੇ ਇਹ ਇਸ ਨਾਲ ਅਲੱਗ ਹੋ ਜਾਂਦਾ ਹੈ। ਆਸਾ ਰਾਗ ਦਾ ਕੀਰਤਨ ਪਰੰਪਰਾ ਵਿਚ ਭਾਵੇਂ ਇਕ ਪ੍ਰਮਾਣਿਕ ਸਰੂਪ ਹੀ ਪ੍ਰਚਾਰ ਅਧੀਨ ਹੈ ਪਰ ਕਿਤੇ ਅਵਰੋਹ ਵਿਚ ਕੋਮਲ ਨਿਸ਼ਾਦ ਸੁਰ ਵਾਲਾ ਸਰੂਪ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਜ਼ਿਕਰ ਸੰਗੀਤਾਚਾਰੀਆ ਕੰਵਰ ਮ੍ਰਿਗੇਂਦਰ ਸਿੰਘ ਨੇ ਆਪਣੀ ਪੁਸਤਕ ਵਾਦਨ ਸਾਗਰ ਭਾਗ ਦੂਜਾ ਵਿਚ ਕੀਤਾ ਹੈ। ਇਸ ਤੋਂ ਇਲਾਵਾ ਹੋਰ ਸਰੂਪ ਵੀ ਪ੍ਰਾਪਤ ਹੁੰਦੇ ਹਨ ਜਿਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦੇ ਅਵਰੋਹ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਗਈ ਹੈ। ਰਾਗ ਆਸਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦੇ, ਅਸ਼ਟਪਦੀਆਂ, ਬਿਰਹੜੇ, ਛੰਤ, ਵਾਰ, ਪੱਟੀ ਰਚਨਾਵਾਂ ਦਰਜ ਹਨ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।

ਇਸ ਤੋਂ ਇਲਾਵਾ ਆਸਾ ਰਾਗ ਵਿਚ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਧੰਨਾ ਜੀ, ਸ਼ੇਖ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਆਸਾ ਦੀ ਵਾਰ ਵਿਚਲੇ ਸਲੋਕਾਂ ਵਿਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਵੀ ਦਰਜ ਹਨ। ਆਸਾ ਰਾਗ ਪੰਨਾ ੩੪੭ ਤੋਂ ੪੮੮ ਤੱਕ ਦਰਜ ਹਨ। ਰਾਗ ਆਸਾ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਪੰਜ ਪੜਤਾਲ ਰਚਨਾਵਾਂ ਵੀ ਵਿਸ਼ੇਸ਼ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁੱਖ ੩੧ ਰਾਗਾਂ ਦੇ ਅੰਤਰਗਤ ਵੱਖ੍ਵੱਖ ਰਾਗ ਪ੍ਰਕਾਰਾਂ ਦਾ ਪ੍ਰਯੋਗ ਵੀ ਮਿਲਦਾ ਹੈ। ਰਾਗ ਆਸਾ ਅਧੀਨ ਆਸਾ ਕਾਫੀ, ਆਸਾਵਰੀ ਤੇ ਆਸਾਵਰੀ ਸੁਧੰਗ ਦੇ ਰਾਗ ਅੰਕਿਤ ਮਿਲਦੇ ਹਨ। ਰਾਗ ਆਸਾ ਕਾਫੀ, ਆਸਾ ਤੇ ਕਾਫੀ ਦੋ ਰਾਗਾਂ ਦਾ ਸੁਮੇਲ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਇਸ ਤਰ੍ਹਾਂ ਆਸਾਵਰੀ ਭਾਰਤੀ ਸੰਗੀਤ ਵਿਚ ਸੁਤੰਤਰ ਰਾਗ ਹੈ। ਸੰਗੀਤ ਵਿਧਾਨ ਨੂੰ ਪ੍ਰਗਟਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ੍ਵੱਖ ਸੰਗੀਤਕ ਸੰਕੇਤ ਸਿਰਲੇਖ ਵੀ ਦਿਤੇ ਗਏ ਹਨ ਜਿਨ੍ਹਾਂ ਵਿਚ ਸੰਕੇਤ 'ਸੁਧੰਗ' ਹੈ ਜਿਹੜਾ ਰਾਗ ਆਸਾਵਰੀ ਦੇ ਨਾਲ ਲਾਇਆ ਗਿਆ ਹੈ। ਇਥੇ 'ਆਸਾਵਰੀ ਸੁਧੰਗ' ਤੋਂ ਭਾਵ ਸ਼ੁਧ ਅੰਗ ਦੀ ਆਸਾਵਰੀ ਹੈ ਜਿਸਨੂੰ ਰਾਗ ਨਿਰਣਾਇਕ ਕਮੇਟੀ (ਬਾਨੀ ਸੰਤ ਸੁੱਚਾ ਸਿੰਘ ਮੁਖੀ ਪੰਡਤ ਦਲੀਪ ਚੰਦਰ ਵੇਦੀ) ਨੇ ਵਰਤਮਾਨ ਸਮੇਂ ਹੀ ਕੋਮਲ ਰਿਸ਼ਭ ਆਸਾਵਰੀ ਮੰਨੀ ਹੈ ਜੋ ਸ਼ੁੱਧ ਅੰਗ ਦੀ ਆਸਾਵਰੀ ਆਖੀ ਜਾਂਦੀ ਰਹੀ ਹੈ। ਆਸਾਵਰੀ ਸੁਧੰਗ ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਦਰਜ ਹੈ।

ਰਾਗ ਆਸਾ ਕੀਰਤਨੀਆਂ ਵਿਚ ਸਭ ਤੋਂ ਮਕਬੂਲ ਰਾਗ ਹੈ। ਸਾਰੇ ਕੀਰਤਨੀਆਂ ਨੇ ਇਸ ਨੂੰ ਆਪੋ ਆਪਣੇ ਅੰਦਾਜ਼ ਵਿਚ ਬਾਖੂਬੀ ਗਾਇਆ ਹੈ। ਰਬਾਬੀਆਂ ਵਿਚ ਭਾਈ ਚਾਂਦ, ਭਾਈ ਲਾਲ ਨੇ ਇਸ ਰਾਗ ਨੂੰ ਭਰਪੂਰ ਰੂਪ ਵਿਚ ਗਾਇਆ ਹੈ ਜਿਸ ਦੀਆਂ ਕੁਝ ਵੰਨਗੀਆਂ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ www.gurmatsangeetpup.com ਤੇ ਵੇਖੀ ਜਾ ਸਕਦੀਆਂ ਹਨ। ਭਾਈ ਸਮੁੰਦ ਸਿੰਘ ਨੇ ਇਸ ਰਾਗ ਨੂੰ ਬਾਖੂਬੀ ਪ੍ਰਮਾਣਿਕ ਰੂਪ ਵਿਚ ਗਾਇਆ ਹੈ ਅਤੇ ਇਸ ਤੋਂ ਇਲਾਵਾ ਇਸ ਰਾਗ ਨੂੰ ਭਾਈ ਬਖਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਭਾਈ ਧਰਮ ਸਿੰਘ, ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ,ਡਾ. ਗੁਰਨਾਮ ਸਿੰਘ, ਸੰਤ ਨਿਰੰਜਨ ਸਿੰਘ ਜਵੱਦੀ, ਪ੍ਰੋ. ਪਰਮਜੋਤ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਕੁਲਤਾਰ ਸਿੰਘ, ਬੀਬੀ ਜਸਵਿੰਦਰ ਕੌਰ ਆਦਿ ਨੇ ਬਾਖੂਬੀ ਗਾਇਆ ਹੈ ਅਤੇ ਇਨ੍ਹਾਂ ਦੀ ਰਿਕਾਰਡਿੰਗ www.gurmatsangeetpup.com, www.gurmatsangeetlibrary.com, www.sikh-relics.com, www.sewageorgia.org, www.jawadditaksal.org,www.sikhsangeet.com, www.vismaadnaad.org, www.youtube.com ਆਦਿ ਵੈਬਸਾਈਟਾਂ 'ਤੇ ਸੁਣੀ ਜਾ ਸਕਦੀਆਂ ਹਨ।

ਗੁਰਮਤਿ ਸੰਗੀਤ ਦੀਆਂ ਸੁਰਲਿਪੀ ਬੱਧ ਰਚਨਾਵਾਂ ਦੇ ਵਿਰਾਸਤੀ ਭੰਡਾਰ ਵਿਚ ਇਸ ਰਾਗ ਅਧੀਨ

ਲਗਪਗ ਸਾਰੇ ਹੀ ਸ਼ਬਦ ਕੀਰਤਨ ਰਚਨਾਕਾਰਾਂ ਨੇ ਇਸ ਰਾਗ ਵਿਚ ਰਚਨਾਵਾਂ ਤਿਆਰ ਕੀਤੀਆਂ ਹਨ। ਵੀਹਵੀਂ ਸਦੀ ਤਕ ਪ੍ਰਕਸ਼ਿਤ ਰਚਨਾਵਾਂ ਵਿਚ ਲਗਪਗ ਸਾਰੇ ਪ੍ਰਮੁਖ ਰਚਨਾਕਾਰ ਦੀਆਂ ਇਸ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਉਪਲੱਬਧ ਹੁੰਦੀਆਂ ਹਨ।

ਸ. ਗਿਆਨ ਸਿੰਘ ਐਬਟਾਬਾਦ ਨੇ ਪੁਸਤਕ ਗੁਰਬਾਣੀ ਸੰਗੀਤ ਵਿਚ ਇਸ ਰਾਗ ਅਧੀਨ ਭਾਈ ਤਾਬਾ ਦੀਆਂ ਕੁਝ ਬੰਦਸ਼ਾਂ ਵੀ ਦਿਤੀਆਂ ਹਨ।

ਗੁਰਮਤਿ ਸੰਗੀਤ ਦਾ ਰਾਗ ਆਸਾ ਵਿਚ ਗਾਇਨ ਖੋਜ ਤੇ ਵਿਸਥਾਰ ਦੀਆਂ ਅਨੇਕ ਸੰਭਾਵਨਾਵਾਂ ਜੋ ਕੀਰਤਨੀਆਂ, ਸਿਖਿਆਰਥੀਆਂ, ਖੋਜਾਰਥੀਆਂ ਨੂੰ ਪ੍ਰਮਾਣਿਕ ਗੁਰਮਤਿ ਸੰਗੀਤ ਸਿਖਿਆ ਲਈ ਬਹੁਤ ਢੁਕਵੀਂ ਮਿਸਾਲ ਤੇ ਸੰਗੀਤ ਮਾਧਿਅਮ ਹੈ।

(ਡੀਨ ਅਕਾਦਮਿਕ, ਪ੍ਰੋਫੈਸਰ ਤੇ ਮੁਖੀ (ਰਿਟਾ.), ਗੁਰਮਤਿ ਸੰਗੀਤ ਚੇਅਰ-ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ ਪਟਿਆਲਾ)

**ਮੈਗਜ਼ੀਨ ਦਾ ਸਲਾਨਾ ਚੰਦਾ 500 ਰੁਪਏ ਹੈ।ਇਹ ਤੁਸੀਂ ਗੂਗਲ ਪੇਅ ਤੇ ਆਨ ਲਾਈਨ ਵੀ ਭੇਜ ਸਕਦੇ ਹੋ।**
**ਮੋਬਾਇਲ 9814053630 Amrit Kirtan Trust**

# ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਵੱਲ ਆਪਣੇ ਮੂਲ ਰੂਪ ਵਿੱਚ

**ਗੁਰਦੇਵ ਸਿੰਘ (ਡਾ.)**

ਅਚਾਨਕ ਮੈਨੂੰ 2012 ਵਿੱਚ ਅਜੀਤ ਮੈਗਜ਼ੀਨ ਵਿੱਚ ਛਪਿਆ ਡਾ. ਗੁਰਨਾਮ ਸਿੰਘ ਜੀ ਦਾ ਲੇਖ ਯਾਦ ਆ ਗਿਆ ਜਿਸ ਦਾ ਸਿਰਲੇਖ ਸੀ 'ਗੁਰਮਤਿ ਸੰਗੀਤ ਪੂਰਬ ਤੋਂ ਪੱਛਮ ਵੱਲ'। ਇਸ ਵਿੱਚ ਗੁਰਮਤਿ ਸੰਗੀਤ ਦਾ ਕਿਵੇਂ ਪੱਛਮੀ ਦੇਸ਼ਾਂ ਵਿੱਚ ਪ੍ਰਚਾਰ ਤੇ ਪਾਸਾਰ ਹੋ ਰਿਹਾ ਸੀ, ਉਸ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਸੀ। ਹੁਣ 2025 ਵਿੱਚ ਉਸ ਦਾ ਅਸਰ ਸਪੱਸ਼ਟ ਦਿਖ ਰਿਹਾ ਹੈ ਤੇ ਮਹਿਸੂਸ ਹੋ ਰਿਹਾ ਹੈ ਕਿ ਹੁਣ ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਵੱਲ ਕੁਝ ਕਹਿਣ ਆਇਆ ਹੈ। ਵਾਕਿਆ ਕੀ ਹੈ ਉਸ ਬਾਰੇ ਗੱਲ ਕਰਦੇ ਹਾਂ।



ਅਮਰੀਕਾ ਤੋਂ ਇੱਕ ਬੱਚਿਆਂ ਦਾ ਗਰੁੱਪ ਪੰਜਾਬ ਸਮੇਤ ਭਾਰਤ ਦੌਰੇ 'ਤੇ ਆਇਆ ਸੀ ਜਿਨ੍ਹਾਂ ਨੇ ਵੱਖ-ਵੱਖ ਇਤਿਹਾਸਕ ਸਥਾਨਾਂ 'ਤੇ ਕੀਰਤਨ ਕੀਤਾ। ਇਨ੍ਹਾਂ ਦੀ ਅਗਵਾਈ ਮੈਡਮ ਲੀਨਾ ਸਿੰਘ ਕਰ ਰਹੇ ਸਨ ਜਿਨ੍ਹਾਂ ਬਾਰੇ ਅੱਗੇ ਗੱਲ ਕਰਾਂਗਾ। ਇਸ ਗਰੁੱਪ ਦੇ ਕੁੱਲ ਮੈਂਬਰ ਅੱਠ ਸਨ। ਇਨ੍ਹਾਂ ਦੀ ਖਾਸ ਗੱਲ ਇਹ ਸੀ ਕਿ ਇਹ ਗੁਰਮਤਿ ਸੰਗੀਤ ਦੇ ਪਰੰਪਰਾਗਤ ਤੰਤੀ ਸਾਜ਼ਾਂ ਨਾਲ ਕੀਰਤਨ ਕਰ ਰਹੇ ਸਨ। ਇਨ੍ਹਾਂ ਸਾਜ਼ਾਂ ਵਿੱਚ ਗੁਰਮਤਿ ਸੰਗੀਤ ਦਾ ਪ੍ਰਥਮ ਸਾਜ਼ ਰਬਾਬ ਤੋਂ ਲੈ ਕੇ ਤਾਊਸ, ਸਾਰੰਦਾ, ਦਿਲਰੁਬਾ ਸਭ ਸ਼ਾਮਿਲ ਸਨ। ਇਸ ਤੋਂ ਇਲਾਵਾ ਸਵਰਮੰਡਲ ਤੇ ਭਾਰਤੀ ਸੰਗੀਤ ਦਾ ਅਤਿ ਪੁਰਾਣਾ ਤੇ ਪ੍ਰਚਲਿਤ ਸਾਜ਼ ਸਿਤਾਰ ਵੀ ਸ਼ਾਮਿਲ ਸੀ। ਵਰਤਮਾਨ ਸਮੇਂ ਭਾਵੇਂ ਹਰਮੋਨੀਅਮ ਸਾਜ਼ ਸ਼ਬਦ ਕੀਰਤਨ ਦਾ ਮੁੱਖ ਅੰਗ ਬਣ ਚੁੱਕਾ ਹੈ ਜਦੋਂ ਕਿ ਗੁਰਮਤਿ ਸੰਗੀਤ ਦੇ ਵਿਦਵਾਨ ਤੇ ਪ੍ਰਮੁੱਖ ਕੀਰਤਨੀਏ ਇਸ ਸਾਜ਼ ਨੂੰ ਸ਼ਬਦ ਕੀਰਤਨ ਦਾ ਮਿਆਰ ਨੀਵਾਂ ਕਰਨ ਦਾ ਕਾਰਨ ਵੀ ਮੰਨਦੇ ਹਨ। ਅੱਜ ਬਿਨਾਂ ਹਰਮੋਨੀਅਮ ਤੋਂ ਸ਼ਬਦ ਕੀਰਤਨ ਦੀ ਕਲਪਨਾ ਨਹੀਂ ਕੀਤੀ ਜਾਂਦੀ ਪਰ ਇਹ ਸਾਜ਼ ਇਸ ਬੱਚਿਆਂ ਦੇ ਗਰੁੱਪ ਵਿੱਚ ਸ਼ਾਮਿਲ ਨਹੀਂ ਸੀ। ਹੁਣ ਵੱਡੀ ਤੇ ਅਹਿਮ ਗੱਲ ਇਹ ਸੀ ਜੋ ਮੇਰੇ ਸਮੇਤ ਬਾਕੀ ਸੰਗਤ ਨੂੰ ਵੀ ਪ੍ਰਭਾਵਿਤ ਕਰ ਰਹੀ ਸੀ ਕਿ ਇਨ੍ਹਾਂ ਸਾਜ਼ਾਂ ਨੂੰ ਵਜਾਉਣ ਵਾਲੇ ਮਹਿਜ 8 ਸਾਲ ਤੋਂ ਲੈ ਕੇ ਕੇਵਲ 22 ਸਾਲ ਦੇ ਵਿਦਿਆਰਥੀ ਸਨ। ਇਹ ਵਿਦਿਆਰਥੀ ਆਪਣੀ ਸਕੂਲੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਦੇ ਸਾਜ਼ਾਂ ਅਤੇ ਕੀਰਤਨ ਦੀ ਸਿਖਲਾਈ ਲੈ ਰਹੇ ਹਨ। ਮੈਂ ਕੀ ਦੇਖਿਆ, ਸੁਣਿਆ ਤੇ ਮਹਿਸੂਸ ਕੀਤਾ ਉਸ ਦਾ ਜ਼ਿਕਰ ਕਰਦਾ ਹੈ।

30 ਜੁਲਾਈ 2025 ਜਥੇਦਾਰ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਇੱਕ ਗੁਰਮਤਿ ਸਮਾਗਮ ਉਲੀਕਿਆ ਗਿਆ ਸੀ ਜੋ ਕਿ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀ। ਇਸ ਸਮਾਗਮ ਵਿੱਚ ਗੁਰਮਤਿ ਸੰਗੀਤ ਅਕੈਡਮੀ ਦੇ ਸ। ਸੁਖਵਿੰਦਰ ਸਿੰਘ ਤੇ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ ਮੋਹਰੀ ਸੇਵਾ ਨਿਭਾਈ। ਮੈਂ ਵੀ ਆਪਣੇ ਪਰਿਵਾਰ ਨਾਲ ਉਥੇ ਪਹੁੰਚਿਆ ਸੀ। ਇਸ ਗਰੁੱਪ ਦੀ ਅਗਵਾਈ ਕਰ ਰਹੇ ਮੈਡਮ ਲੀਨਾ ਸਿੰਘ ਨੂੰ ਮੈਂ ਨਿੱਜੀ ਤੌਰ 'ਤੇ ਕੁਝ ਕੁ ਸਾਲਾਂ ਤੋਂ ਜਾਣਦਾ ਹਾਂ ਜੋ ਗੁਰਮਤਿ ਸੰਗੀਤ ਨਾਲ ਨੇੜ੍ਹੇ ਤੋਂ ਜੁੜੇ ਹੋਏ ਹਨ। ਇਨ੍ਹਾਂ ਦੇ ਕੀਰਤਨ ਤੋਂ ਪਹਿਲਾਂ ਮੈਂ ਹੀ ਇਸ ਕੀਰਤਨੀ ਗਰੁੱਪ ਬਾਰੇ ਰਸਮੀ ਜਾਣ ਪਛਾਣ ਸੰਗਤ ਨੂੰ ਕਰਵਾਈ। ਮਨ ਵਿੱਚ ਥੋੜਾ ਡਰ ਵੀ



ਸੀ ਤੇ ਉਤਸ਼ਾਹ ਵੀ। ਡਰ ਇਸ ਗੱਲ ਦਾ ਸੀ ਕਿ ਮੈਂ ਇਨ੍ਹਾਂ ਬੱਚਿਆਂ ਨੂੰ ਪਹਿਲਾਂ ਕੀਰਤਨ ਕਰਦੇ ਨਹੀਂ ਸੀ ਵੇਖਿਆ ਅਤੇ ਉਤਸ਼ਾਹ ਇਸ ਗੱਲ ਦਾ ਸੀ ਕਿ ਗੁਰੂ ਸਾਹਿਬ ਵਲੋਂ ਬਖਸ਼ਿਸ਼ ਸਾਜ਼ਾਂ ਨਾਲ ਇਲਾਹੀ ਬਾਣੀ ਦੇ ਕੀਰਤਨ ਨਾਲ ਬਣਨ ਵਾਲੇ ਮਾਹੌਲ ਅਤੇ ਬੱਚਿਆਂ ਨੂੰ ਸਾਜ਼ ਵਜਾਉਂਦੇ ਹੋਏ ਕੀਰਤਨ ਕਰਦਿਆਂ ਦੇਖਣ ਸੁਣਨ ਨੂੰ ਮਿਲੇਗਾ। ਸ਼ਬਦ ਕੀਰਤਨ ਦਾ ਪ੍ਰਾਰੰਭ ਮੰਗਲਾਚਰਨ ਨਾਲ ਕੀਤਾ ਗਿਆ। ਉਪਰੰਤ ਵੱਖ੍ਵੱਖ ਰਾਗਾਂ ਵਿੱਚ ਵਿਭਿੰਨ ਸ਼ਬਦਾਂ ਦਾ ਕੀਰਤਨ ਹੋਇਆ। ਮਾਹੌਲ ਐਸਾ ਬਣਿਆ ਕਿ ਬਿਆਨ ਕਰਨ ਲਈ ਸ਼ਬਦ ਨਹੀਂ। ਜਿਥੇ ਤੰਤੀ ਸਾਜ਼ਾਂ ਦੀ ਅਹਿਮੀਅਤ ਪ੍ਰਗਟ ਹੋ ਰਹੀ ਸੀ ਉਥੇ ਸੰਗਤ ਨੂੰ ਸ਼ਬਦ ਦਾ ਅਨੰਦ ਮਾਣਦੇ ਹੋਏ ਵੀ ਸਹਿਜੇ ਦੇਖਿਆ ਜਾ ਸਕਦਾ ਸੀ। ਮਨ ਖਿੜ ਉਠਿਆ। ਸੰਗਤ ਅਨੰਦਿਤ ਹੋ ਕੇ ਜੈਕਾਰੇ ਲਾ ਰਹੀ ਸੀ। ਇਸ ਕੀਰਤਨੀ ਗਰੁੱਪ ਨੇ ਇੱਕ ਮੌਲਿਕ ਸੰਗੀਤ ਰਚਨਾ 'ਗੁਰਮਤਿ ਰਾਗਾਂਜਲੀ' ਜੋ ਕਿ ਪੱਛਮੀ ਸੰਗੀਤ ਤੋਂ ਪ੍ਰੇਰਿਤ ਸੀ ਉਸ ਦੇ ਕੁਝ ਹਿੱਸੇ ਦਾ ਵੀ ਤੰਤੀ ਸਾਜ਼ਾਂ 'ਤੇ ਵਾਦਨ ਕੀਤਾ ਜੋ ਕਿ ਬਹੁਤ ਹੀ ਵਿੱਲਖਣ ਤੇ ਅਨੰਦਾਇਕ ਸੀ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ 'ਤੇ ਆਧਾਰਿਤ ਇੱਕ ਵੱਡ ਅਕਾਰੀ ਸੰਗੀਤਕ ਰਚਨਾ ਹੈ ਜਿਸ ਵਿੱਚ 31 ਰਾਗਾਂ ਨੂੰ ਸਥਾਈ ਅੰਤਰੇ ਦੇ ਰੂਪ ਵਿੱਚ ਨਿਰੰਤਰ ਤੰਤੀ ਸਾਜ਼ਾਂ 'ਤੇ ਵਜਾਇਆ ਜਾਂਦਾ ਹੈ। ਇਸ ਨਾਲ ਜਿਥੇ ਰਾਗਾਂ ਦੇ ਸਰੂਪ ਸੰਗਤ ਦੇ ਹਿਰਦੇ ਵਿੱਚ ਵਸ ਦੇ ਹਨ ਉਥੇ ਰਾਗਾਂ ਦੇ ਸਰੂਪਾਂ ਦੀ ਰੰਜਕ ਧੁਨੀ ਨਸ਼ਬਦ ਸੰਗੀਤਕ ਵਾਤਾਵਰਣ ਸਿਰਜਦੀ ਹੈ। ਇਥੇ ਕੀਰਤਨ ਦਾ ਮਾਹੌਲ ਐਸਾ ਬਣਿਆ ਕਿ ਸੰਗਤ ਵਿੱਚੋਂ ਹੋਰ ਕੀਰਤਨ ਕਰਨ ਦੀ ਬੇਨਤੀ ਵਾਰ੍ਵਾਰ ਕੀਤੀ ਗਈ। ਅਖੀਰ ਵਿੱਚ ਰਾਮਕਲੀ ਰਾਗ ਅਧੀਨ ਅਨੰਦ ਸਾਹਿਬ ਦੀ ਬਾਣੀ ਦੇ ਗਾਇਨ ਨਾਲ ਕੀਰਤਨ ਦੀ ਸਮਾਪਤੀ ਹੋਈ। 45 ਮਿੰਟ ਦਾ ਕੀਰਤਨ ਤਕਰੀਬਨ ਡੇਢ ਘੰਟਾ ਚੱਲਿਆ। ਸਮਾਪਤੀ ਉਪਰੰਤ ਸੰਗਤਾਂ ਜਿਥੇ ਖੁਸ਼ ਸਨ ਉਥੇ ਇਨ੍ਹਾਂ ਬੱਚਿਆਂ ਦੀ ਮਿਹਨਤ ਬਾਰੇ ਗੱਲਾਂ ਕਰਨ ਲੱਗੀਆਂ। ਮੇਰਾ ਬੇਟਾ ਜੋ ਕਿ 12 ਕੁ ਸਾਲਾਂ ਦਾ ਹੈ ਉਹ ਐਨਾ ਪ੍ਰਭਾਵਿਤ ਹੋਇਆ ਕਿ ਉਹ ਮੈਨੂੰ ਕਹਿਣ ਲੱਗਿਆ ਕਿ "ਪਾਪਾ ਮੈਂ ਵੀ ਇਹ ਕੀਰਤਨ ਸਿੱਖਣਾ ਹੈ, ਮੈਨੂੰ ਇਨ੍ਹਾਂ ਦੇ ਨਾਲ ਕੀਰਤਨ ਸਿੱਖਣ ਲਈ ਹੀ ਭੇਜ ਦਿਓ"। ਉਸ ਦੀ ਇਹ ਗੱਲ ਕਿ 'ਇਹ ਕੀਰਤਨ ਸਿੱਖਣਾ' ਬਹੁਤ ਕੁਝ ਕਹਿ ਗਈ। ਇਹ ਸੁਣ ਕੇ ਜਿਥੇ ਮੈਨੂੰ ਹੈਰਾਨੀ ਹੋਈ ਉਥੇ ਖੁਸ਼ੀ ਬਹੁਤ ਹੋਈ ਤੇ ਸਾਡਾ ਜਾਣਾ ਸਫ਼ਲ ਹੋ ਗਿਆ। ਇਸ ਗੱਲ ਤੋਂ ਕੀਰਤਨ ਦਾ ਸੰਗਤ 'ਤੇ ਪਏ ਪ੍ਰਭਾਵ ਨੂੰ ਸਹਿਜੇ ਮਹਿਸੂਸ ਕੀਤਾ ਜਾ ਸਕਦਾ ਹੈ।



ਕੀਰਤਨ ਦੌਰਾਨ ਮੇਰੇ ਮਨ ਵਿੱਚ ਇੱਕ ਖਿਆਲ ਵਾਰ-ਵਾਰ ਆ ਰਿਹਾ ਸੀ। ਇਸ ਕੀਰਤਨ ਨੂੰ ਸੁਣਨ ਵਾਲੀ ਸੰਗਤ ਵਿੱਚ ਗੁਰਮਤਿ ਸੰਗੀਤ ਅਕੈਡਮੀ ਅਤੇ ਸਿੱਖ ਮਿਸ਼ਨਰੀ ਕਾਲਜ, ਅਨੰਦਪੁਰ ਸਾਹਿਬ ਦੇ ਬਹੁ ਗਿਣਤੀ ਵਿਦਿਆਰਥੀ ਵੀ ਬੈਠੇ ਸਨ। ਉਨ੍ਹਾਂ ਨੇ ਇਹ ਸਾਰਾ ਕੀਰਤਨ ਸਰਵਣ ਕੀਤਾ। ਮੇਰੇ ਮਨ ਵਿੱਚ ਖਿਆਲ ਆਇਆ (ਜਿਸ ਦੀ ਮੈਂ ਸ਼ੁਰੂ ਵਿੱਚ ਗੱਲ ਵੀ ਕੀਤੀ ਸੀ) ਕਿ ਹੁਣ ਗੁਰਮਤਿ ਸੰਗੀਤ ਪੱਛਮ ਤੋਂ ਪੂਰਬ ਚ ਆਪਣੇ ਮੂਲ ਸਰੂਪ ਵਿੱਚ ਆਇਆ ਹੈ ਤੇ ਉਹ ਇਨ੍ਹਾਂ ਵਿਦਿਆਰਥੀਆਂ ਨੂੰ ਜਿਵੇਂ ਕਹਿ ਰਿਹਾ ਹੋਵੇ ਕਿ ਮੇਰਾ ਅਸਲ ਸਰੂਪ ਇਹੀ ਹੈ, ਮੇਰੀ ਅਸਲ ਸਾਜ਼ ਪਰੰਪਰਾ ਇਹ ਹੈ, ਜਿਸ ਨੂੰ ਤੁਸੀਂ ਭੁੱਲ ਦੇ ਜਾ ਰਹੇ ਹੋ, ਤੁਸੀਂ ਇਸ ਵੱਲ ਧਿਆਨ ਦੇਵੋ। ਖਿਆਲ ਆਇਆ ਕਿ ਜਿਵੇਂ ਗੁਰਮਤਿ ਸੰਗੀਤ ਉਨ੍ਹਾਂ ਵਿਦਿਆਥੀਆਂ ਨੂੰ ਕਹਿ ਰਿਹਾ ਹੋਵੇ ਕਿ ਜੋ ਤੁਸੀਂ ਇਹ ਉਦੇਸ਼ ਮਨ ਵਿੱਚ ਰੱਖਦੇ ਹੋ ਕਿ ਅਸੀਂ ਕੀਰਤਨ ਸਿੱਖ ਕੇ ਬਾਹਰਲੇ ਮੁਲਖਾਂ ਵਿੱਚ ਜਾਵਾਂਗੇ ਅਤੇ ਉਥੇ ਜਾ ਕੇ ਆਪਣਾ ਭਵਿੱਖ ਬਣਾਵਾਂਗੇ ਤਾਂ ਇਹ ਜਾਣ ਲਵੋ ਕਿ ਉਥੇ ਸ਼ਬਦ ਕੀਰਤਨ ਨੂੰ ਸਿੱਖਣ, ਸਿਖਾਉਣ, ਸੁਣਨ ਤੇ ਪਿਆਰ ਕਰਨ ਵਾਲੇ ਹੁਣ ਅਜਿਹੇ ਹਨ ਜੇਹੋ ਜਿਹੇ ਤੁਹਾਡੇ ਸਾਹਮਣੇ ਕੀਰਤਨ ਕਰ ਰਹੇ ਹਨ। ਇਸ ਲਈ ਮੇਰੇ (ਗੁਰਮਤਿ ਸੰਗੀਤ) ਮੂਲ ਸਰੂਪ ਨਾਲ ਜੁੜੋ ਜਿਸ ਵਿੱਚ ਮੇਰਾ ਸੰਗੀਤ ਵਿਧਾਨ, ਰਾਗਾਤਮਕ ਪਰੰਪਰਾ, ਗਾਇਨ ਵਿਧਾ, ਸਾਜ਼ ਪਰੰਪਰਾ ਆਦਿ ਸ਼ਾਮਿਲ ਹੈ।

ਅਜਿਹਾ ਨਹੀਂ ਹੈ ਕਿ ਇਥੇ ਦੇ ਵਿਦਿਆਰਥੀ ਸਿੱਖਣਾ ਨਹੀਂ ਚਾਹੁੰਦੇ ਪਰ ਸਾਧਨਾਂ ਦੀ ਕਮੀ ਅਤੇ

ਸਾਡੀਆਂ ਜਵਾਬ ਦੇਹ ਸੰਸਥਾਵਾਂ ਹੀ ਅਵੇਸਲੀਆਂ ਹਨ। ਵਿਦਿਆਰਥੀ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਵੱਖ-ਵੱਖ ਕਾਲਜਾਂ ਵਿੱਚ ਲਗਾਉਂਦੇ ਹਨ ਪਰ ਉਥੇ ਆਮ ਸਾਜ਼ ਤਕ ਉਪਲੱਬਧ ਨਹੀਂ ਹੁੰਦੇ ਚੰਗੇ ਸਾਜ਼ ਤਾਂ ਦੂਰ ਦੀ ਗੱਲ ਹੈ। ਪਰ ਧੰਨ ਨੇ ਇਹ ਅਮਰੀਕੀ ਬੱਚੇ ਜੋ ਆਪਣੀ ਪੜ੍ਹਾਈ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਮੂਲ ਧਾਰਾ ਨਾਲ ਜੁੜਣ ਦਾ ਸਫਲ ਯਤਨ ਕਰ ਰਹੇ ਹਨ। ਇਹ ਬੱਚੇ ਜਿਥੇ ਧੰਨਤਾ ਦੇ ਪਾਤਰ ਹਨ ਉਥੇ ਇਨ੍ਹਾਂ ਦੀ ਅਧਿਆਪਕ ਮੈਡਮ ਲੀਨਾ ਸਿੰਘ ਜੀ ਤੇ ਮਾਪੇ ਵੀ ਵਧਾਈ ਦੀ ਪਾਤਰ ਹਨ ਜੋ ਇਨ੍ਹਾਂ ਦੀ ਸ੍ਰਪਰਸਤੀ ਕਰ ਰਹੇ ਹਨ ਤੇ ਤਰਾਸ਼ ਰਹੇ ਹਨ। ਪਿਛਲੀ ਵਾਰ ਜਦੋਂ ਮੈਡਮ ਲੀਨਾ ਸਿੰਘ ਪੰਜਾਬ ਆਏ ਸਨ ਤਾਂ ਉਦੋਂ ਮੈਂ ਉਨ੍ਹਾਂ ਦੀ VISION1469 YT ਚੈਨਲ ਲਈ ਇੰਟਰਵਿਊ ਕੀਤੀ ਸੀ। ਇਸ ਵਾਰ ਅਜਿਹਾ ਸਬੱਬ ਤਾਂ ਨਹੀਂ ਬਣਿਆ ਪਰ ਹਾਂ ਉਨ੍ਹਾਂ ਨਾਲ ਕੁਝ ਗੱਲਬਾਤ ਜ਼ਰੂਰ ਹੋਈ ਜਿਸ ਤੋਂ ਉਨ੍ਹਾਂ ਬਾਰੇ ਹੋਰ ਜਾਨਣ ਦਾ ਮੌਕਾ ਮਿਲਿਆ। ਕਿਉਂ ਜੋ ਉਹ ਇਸ ਗਰੁੱਪ ਦੀ ਅਗਵਾਈ ਕਰ ਰਹੇ ਸਨ ਤਾਂ ਉਨ੍ਹਾਂ ਬਾਰੇ ਗੱਲ ਇਥੇ ਬਹੁਤ ਜ਼ਰੂਰੀ ਹੈ।

ਮੈਡਮ ਲੀਨਾ ਸਿੰਘ ਜੀ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਜੰਮਪਲ ਹਨ। ਇਥੋਂ ਹੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਕੀਤੀ ਅਤੇ ਫਿਰ ਨੌਕਰੀ ਹਿਤ 1995 ਦੇ ਕਰੀਬ ਅਮਰੀਕਾ ਚਲੇ ਗਏ। ਇਨ੍ਹਾਂ ਦੇ ਪਤੀ ਸ. ਸਰਬਜੀਤ ਸਿੰਘ ਨੇ ਵੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਕੀਤੀ ਹੈ ਅਤੇ ਅਗੋਂ ਤਿੰਨ ਬੱਚਿਆਂ ਚੋਂ ਦੋ ਬੱਚਿਆਂ ਨੇ ਵੀ ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿੱਚ ਗ੍ਰੈਜੂਏਸ਼ਨ ਕੀਤੀ ਹੈ। ਪਰਿਵਾਰ ਦਾ ਦੂਰ-ਦੂਰ ਤੱਕ ਵੀ ਸੰਗੀਤ ਜਾਂ ਗੁਰਮਤਿ ਸੰਗੀਤ ਨਾਲ ਰਿਸ਼ਤਾ ਨਹੀਂ ਪਰ ਮੈਡਮ ਲੀਨਾ ਸਿੰਘ ਨੇ ਆਪਣੀ ਨੌਕਰੀ ਦੇ ਨਾਲ-ਨਾਲ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਅਹਿਮ ਸਥਾਨ ਬਣਾਇਆ ਹੈ। ਆਪ ਨੇ ਜਿਥੇ ਕੰਪਿਊਟਰ ਦੇ ਖੇਤਰ ਵਿੱਚ ਕਈ ਪੁਸਤਕਾਂ ਲਿਖੀਆਂ ਉਥੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਵੀ ਲੇਖਨ ਦਾ ਕਾਰਜ ਨਿਰੰਤਰ ਕਰ ਰਹੇ ਹਨ। 'ਰਾਗ ਨਾਦ ਜਰਨੀ' ਇਸ ਦੀ ਪ੍ਰਤੱਖ ਉਦਾਹਰਣ ਹੈ ਜੋ ਆਪ ਨੇ ਗੁਰਮਤਿ ਸੰਗੀਤ ਖੇਤਰ ਦੀ ਮੋਹਰਲੀ ਦੇ ਕਤਾਰ ਵਿੱਚ ਸਭ ਤੋਂ ਮੋਹਰੀ ਸਥਾਨ ਰੱਖਣ ਵਾਲੇ ਡਾ. ਗੁਰਨਾਮ ਸਿੰਘ ਜੀ ਨਾਲ ਮਿਲ ਕੇ ਸੰਕਲਿਤ ਕੀਤੀ ਹੋਈ ਹੈ। ਆਪ ਗੁਰਮਤਿ ਸੰਗੀਤ ਪਰੰਪਰਾ ਦੇ ਤੰਤੀ ਸਾਜ਼ ਰਬਾਬ, ਸਾਰੰਦਾ, ਦਿਲਰੁੱਬਾ, ਤਾਊਸ ਆਦਿ ਸਾਜ਼ਾਂ ਦਾ ਵਾਦਨ ਜਾਣਦੇ ਹਨ ਪਰ ਆਪ ਜ਼ਿਆਦਾਤਰ ਰਬਾਬ ਸਾਜ਼ ਨਾਲ ਹੀ ਕੀਰਤਨ ਕਰਦੇ ਹਨ। ਰਬਾਬ ਸਾਜ਼ ਦੀ ਸਿੱਖਿਆ ਆਪ ਨੇ ਰਬਾਬ ਦੇ ਕਿੰਗ ਕਹੇ ਜਾਣ ਵਾਲੇ ਉਸਤਾਦ ਹੁਮਾਯੂੰ ਸਖੀ ਤੋਂ ਪ੍ਰਾਪਤ ਕੀਤੀ ਅਤੇ ਗੁਰਮਤਿ ਸੰਗੀਤ ਦੀ ਸਿੱਖਿਆ ਵਿਸ਼ਵ ਵਿਖਿਆਤ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਤੋਂ ਲਈ ਅਤੇ ਹੁਣ ਵੀ ਨਿਰੰਤਰ ਲੈ ਰਹੇ ਹਨ। ਆਪ ਨੇ ਗੁਰਮਤਿ ਸੰਗੀਤ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅੰਗਰੇਜ਼ੀ ਅਨੁਵਾਦ ਵੀ ਆਡਿਓ ਰੂਪ ਵਿੱਚ ਕੀਤਾ ਹੈ। ਵਰਤਮਾਨ ਸਮੇਂ ਆਪ ਜੀ ਜਿੱਥੇ ਖੁਦ ਗੁਰਮਤਿ ਸੰਗੀਤ ਦੀ ਨਿਰੰਤਰ ਸਿੱਖਿਆ ਪ੍ਰਾਪਤ ਕਰ ਰਹੇ ਹੋ ਉਥੇ ਆਪ ਨੇ ਦਰਜਨਾਂ ਵਿਦਿਆਰਥੀ ਇਸ ਫੀਲਡ ਵਿੱਚ ਤਿਆਰ ਕੀਤੇ ਹਨ। ਆਪ ਇੱਕ 'ਸਿੱਖ ਹੈਰੀਟੇਜ਼ ਸਿੰਫਨੀ' ਨਾਮ ਦੀ ਸੰਸਥਾ ਵੀ ਚਲਾ ਰਹੇ ਹਨ। ਆਪ ਦੇ ਵਿਦਿਆਰਥੀ ਓਚਾਂ ਦੀਆਂ ਵੱਡੀਆਂ ਤੇ ਪ੍ਰਚਲਿਤ ਸੰਗੀਤਕ ਸਟੇਜ਼ਾਂ ਜਿਵੇਂ ਕਾਰਨੇਗੀ ਹਾਲ ਨਿਊ ਯਾੱਰਕ ਆਦਿ ਤਕ ਗੁਰਮਤਿ ਸੰਗੀਤ ਨੂੰ ਲੈ ਕੇ ਗਏ ਹਨ, ਜਿਸ ਨਾਲ ਆਪ ਵਿਸ਼ਵ ਦੀਆਂ ਬਾਕੀ ਸੰਗੀਤਕ ਪਰੰਪਰਾਵਾਂ ਦਾ ਧਿਆਨ ਗੁਰਮਤਿ ਸੰਗੀਤ ਵੱਲ ਖਿੱਚਣ ਵਿੱਚ ਸਫਲ ਹੋਏ ਹਨ। ਇਹ ਸਭ ਗੁਰੂ ਕਿਰਪਾ ਤੇ ਗੁਰਮਤਿ ਸੰਗੀਤ ਪ੍ਰਤੀ ਲਗਨ ਦਾ ਨਤੀਜਾ ਹੈ ਨਹੀਂ ਤਾਂ ਐਨਾ ਸਭ ਕੁਝ ਇੱਕਠਾ ਕਰਨਾ ਅਸੰਭਵ ਜਾਪਦਾ ਹੈ।



ਪੰਜਾਬ ਫੇਰੀ ਬਾਰੇ ਗੱਲ ਕਰਦਿਆਂ ਮੈਡਮ ਲੀਨਾ ਸਿੰਘ ਜੀ ਨੇ ਦਸਿਆ ਕਿ ਅਸੀਂ ਪੰਜਾਬ ਸਮੇਤ ਭਾਰਤ ਆਉਂਣ ਦੀ ਜੋ ਯੋਜਨਾ ਬਣਾਈ ਸੀ ਉਸ ਦਾ ਸੁਝਾਅ ਸਾਨੂੰ ਡਾ. ਗੁਰਨਾਮ ਸਿੰਘ ਜੀ ਨੇ ਦਿੱਤਾ ਅਤੇ ਉਨ੍ਹਾਂ ਨੇ ਇਸ ਨੂੰ ਸਫਲ ਬਣਾਉਣ ਵਿੱਚ ਸਾਡਾ ਜਿਥੇ ਮਾਰਗ ਦਰਸ਼ਨ ਕੀਤਾ ਉਥੇ ਸਾਨੂੰ ਸਾਧਨ ਵੀ ਜੁਟਾਏ ਤੇ ਲਿੰਕ ਵੀ ਉਪਲਬੱਧ ਕਰਵਾਏ। ਅੱਗੇ ਉਹ ਆਖਦੇ ਹਨ ਕਿ "ਸਾਨੂੰ ਪਹਿਲਾਂ ਡਰ ਸੀ ਇਹ ਸਭ ਕਿਵੇਂ ਹੋਵੇਗਾ ਪਰ ਗੁਰੂ ਸਾਹਿਬ ਨੇ

ਆਪ ਹੀ ਕਰਵਾ ਦਿੱਤਾ। ਦਿੱਲੀ ਸਮੇਤ ਪੰਜਾਬ ਵਿੱਚ ਸਾਨੂੰ ਬਹੁਤ ਪਿਆਰ ਮਿਲਿਆ ਅਸੀਂ ਭਵਿੱਖ ਵਿੱਚ ਵਾਰ-ਵਾਰ ਇਸੇ ਤਰ੍ਹਾਂ ਆਉਣਾ ਦਾ ਯਤਨ ਕਰਦੇ ਰਹਾਂਗੇ। ”

ਅਮਰੀਕਾ ਤੋਂ ਦੂਰ ਪੰਜਾਬ ਵਿੱਚ ਆਏ ਇਸ ਕੀਰਤਨੀ ਗਰੁੱਪ ਵਿੱਚ ਸ਼ਾਮਿਲ ਸਾਰੇ ਬੱਚੇ ਬਹੁਤ ਖੁਸ਼ ਸਨ। 24 ਜੁਲਾਈ ਤੋਂ 6 ਅਗਸਤ ਤੱਕ ਇਨ੍ਹਾਂ ਬੱਚਿਆਂ ਨੇ ਗੁਰਦੁਆਰਾ ਬੰਗਲਾ ਸਾਹਿਬ, ਗੁ. ਸੀਸਗੰਜ ਸਾਹਿਬ ਦਿੱਲੀ, ਗੁ. ਸੀਸ ਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਵਿੱਚ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਨ੍ਹਾਂ ਵਿਦਿਆਰਥੀਆਂ ਵਿੱਚ ਜਸਪ੍ਰੀਤ ਸਿੰਘ ਤੇ ਰਾਇਸਾ ਕੌਰ ਨੇ ਰਬਾਬ, ਕੀਰਤ ਕੌਰ ਨੇ ਦਿਲਰੁਬਾ, ਅੰਮ੍ਰਿਤ ਕੌਰ ਨੇ ਤਾਊਸ, ਕਿਰਪਾ ਕੌਰ ਤੇ ਸੁਹਾਵੀ ਕੌਰ ਨੇ ਸਿਤਾਰ ਅਤੇ ਆਰਨੀ ਮੰਗਲਾਨੀ ਨੇ ਸਾਰੰਦਾ ਸਾਜ਼ ਨਾਲ ਕੀਰਤਨ ਦੀ ਹਾਜ਼ਰੀ ਭਰੀ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਮੈਂ ਹਾਜਰੀ ਭਰੀ ਸੀ ਜਿਸ ਤੋਂ ਮੈਂ ਅੰਦਾਜ਼ਾ ਲਾ ਸਕਦਾ ਹਾਂ ਕਿ ਬਾਕੀ ਸਥਾਨਾਂ ’ਤੇ ਕੀਰਤਨ ਦੌਰਾਨ ਕੀ ਮਾਹੌਲ ਬਣਿਆ ਹੋਣਾ ਹੈ। ਇਹ ਪੂਰਾ ਗਰੁੱਪ ਹੀ ਵਧਾਈ ਦਾ ਪਾਤਰ ਹੈ। ਇਹ ਇਨ੍ਹਾਂ ਦੁਆਰਾ ਕੀਤੀ ਵਰ੍ਹਿਆਂ ਦੀ ਸੰਗੀਤਕ ਤੱਪਸਿਆ ਦਾ ਹੀ ਨਤੀਜਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੇ ਮਹਾਨ ਸੰਗੀਤ ਨਾਲ ਨਿਵਾਜਦੇ ਰਹਿਣ ਅਤੇ ਇਹ ਇਸੇ ਤਰ੍ਹਾਂ ਗੁਰਮਤਿ ਸੰਗੀਤ ਦੀ ਸੇਵਾ ਕਰਦੇ ਰਹਿਣ। ਅਖੀਰ ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਨੂੰ ਸੁਣਨ ਵਾਲੇ ਸਾਡੇ ਕੀਰਤਨੀਏ, ਵਿਦਿਆਰਥੀ, ਸਿਖਿਆਰਥੀ ਆਦਿ ਵੀ ਜ਼ਰੂਰ ਸੇਧ ਲੈਣਗੇ ਅਤੇ ਗੁਰਮਤਿ ਸੰਗੀਤ ਦੀ ਮੂਲ ਧਾਰਾ ਨਾਲ ਜੁੜਨ ਦਾ ਯਤਨ ਕਰਨਗੇ।

ਮੋ. 9417156404

**ਲੇਖਕਾਂ ਨੂੰ ਬੇਨਤੀ**

ਲੇਖਾਂ ਵਿੱਚ ਪ੍ਰਯੋਗ ਹੋਈਆਂ ਗੁਰਬਾਣੀ ਦੀਆਂ ਤੁਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਨਿਰਧਾਰਿਤ ਸ਼ਬਦ-ਜੋੜਾਂ ਨਾਲ ਮੇਲ ਕੇ ਪੰਨਾ ਅੰਕਿਤ ਕੀਤਾ ਜਾਵੇ ਜੀ।

# ਤਬਲਾ ਵਾਦਕ – ਪ੍ਰੋਫੈਸਰ ਮੋਹਨ ਸਿੰਘ
## (ਜ਼ਿਕਰ ਚਲਤਾ ਹੈ ਜਬ ਕਯਾਮਤ ਕਾ, ਤੇਰੇ ਜਲਵੋਂ ਕੀ ਬਾਤ ਹੋਤੀ ਹੈ)

**ਭਾਈ ਕਰਮ ਸਿੰਘ ਰਤਨ (ਸੁਵਰਗਵਾਸੀ)**

(ਪ੍ਰੋਫੈਸਰ ਮੋਹਨ ਸਿੰਘ ਅਤੇ ਇਸ ਲੇਖ ਦੇ ਲੇਖਕ ਭਾਈ ਕਰਮ ਸਿੰਘ ਰਤਨ ਦੋਵੇਂ ਮੇਰੇ ਮਿੱਤਰ ਸਨ। ਰਤਨ ਜੀ ਕਿਸੇ ਸਮੇਂ ਮੇਰੇ ਪਿਤਾ ਜੀ ਨਾਲ ਤਬਲਾ ਵਜਾਉਂਦੇ ਸਨ ਅਤੇ ਉਹ ਮੇਰੇ ਹੈੱਡ ਰਾਗੀ ਵੀ ਸਨ। ਮੋਹਨ ਸਿੰਘ ਅਤੇ ਮੈਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਕੀਰਤਨ ਕਰਦੇ ਰਹੇ ਹਾਂ। ਮੈਂ ਉਦੋਂ ਭਾਈ ਬਖਸ਼ੀਸ਼ ਸਿੰਘ ਜੀ ਨਾਲ ਅਤੇ ਮੋਹਨ ਸਿੰਘ ਜੀ ਭਾਈ ਕਿਰਪਾਲ ਸਿੰਘ ਜੀ ਨਾਲ ਕੀਰਤਨ ਕਰਦੇ ਸਨ। 'ਗਿਆਨੀ' ਦਾ ਇਮਤਿਹਾਨ ਅਸੀਂ ਇਕੱਠਿਆਂ ਦਿੱਤਾ ਸੀ। ਜਦੋਂ ਮੈਂ ਗੁਰਮਤਿ ਕਾਲਜ ਦਾਖਲ ਹੋਇਆ ਤਾਂ ਉੱਥੇ ਸਵੇਰ ਸਮੇਂ ਆਸਾ ਦੀ ਵਾਰ ਦੇ ਕੀਰਤਨ ਸਮੇਂ ਤਬਲਾ ਵਜਾਉਣ ਵੀ ਆਉਂਦੇ ਰਹੇ। ਤੇ ਬਾਅਦ ਵਿੱਚ ਚੰਡੀਗੜ੍ਹ ਵਿੱਚ ਵੀ ਮੇਰੇ ਨਾਲ ਤਬਲਾ ਵਜਾਉਂਦੇ ਰਹੇ। ਕਈ ਗੁਰਪੁਰਬ ਸਮਾਗਮਾਂ ਤੇ ਮੇਰੇ ਨਾਲ ਇਹਨਾਂ ਨੇ ਤਬਲਾ ਵਜਾਇਆ। ਇਹ ਦੋਵੇਂ ਮੇਰੇ ਪਿਆਰੇ ਸਨ। ਅੱਜ ਇਹਨਾਂ ਨੂੰ ਯਾਦ ਕਰਕੇ ਚੰਗਾ ਲੱਗ ਰਿਹਾ ਹੈ।)

ਇਕ ਵਾਰ ਪ੍ਰੋਫੈਸਰ ਮੋਹਨ ਸਿੰਘ ਜੀ ਨੂੰ ਇਕ ਪੱਤਰ ਲਿਖ ਕੇ ਚਿੱਠੀ ਭੇਜੀ, ਤਾਂ ਉਸ ਦੇ ਸ਼ੁਰੂ ਤੋਂ ਮੈਂ ਇਹ ਉਪਰੋਕਤ ਸ਼ਿਅਰ ਲਿਖ ਦਿੱਤਾ ਕਿ (ਜ਼ਿਕਰ ਚਲਤਾ ਹੈ ਜਬ ਕਯਾਮਤ ਕਾ, ਤੇਰੇ ਜਲਵੋਂ ਕੀ ਬਾਤ ਹੋਤੀ ਹੈ) ਤਾਂ ਪ੍ਰੋਫੈਸਰ ਮੋਹਨ ਸਿੰਘ ਜੀ ਨੇ ਮੈਨੂੰ ਫੋਨ ਕਰ ਕੇ ਪੁੱਛਿਆ ਕਿ ਰਤਨ ਜੀ ਮੇਰੇ ਬੱਚੇ ਮੈਨੂੰ ਪੁੱਛਦੇ ਹਨ ਕਿ ਮੈਂ ਕਿਹੜੇ ਜਲਵੇ ਦਿਖਾਏ ਹਨ, ਜੋ ਕਿ ਰਤਨ ਜੀ ਲਿਖ ਰਹੇ ਹਨ ਕਿ (ਤੇਰੇ ਜਲਵੋਂ ਕੀ ਬਾਤ ਹੋਤੀ ਹੈ) ਸੋ ਇਸ ਦਾ ਉੱਤਰ ਮੈਂ ਇਸ ਲੇਖ ਰਾਹੀਂ ਦੇ ਰਿਹਾ ਹਾਂ ਕਿ ਪ੍ਰੋਫੈਸਰ ਮੋਹਨ ਸਿੰਘ ਜੀ ਨੇ ਕੀ ਕੀ ਜਲਵੇ ਦਿਖਾਏ ਹਨ।

ਇਸ ਤੋਂ ਪਹਿਲੇ ਮੈਂ ਪ੍ਰੋਫੈਸਰ ਮੋਹਨ ਸਿੰਘ ਜੀ ਤੋਂ ਮੁਆਫੀ ਮੰਗਦਾ ਹਾਂ, ਜੋ ਮੈਂ ਉਹਨਾਂ ਦੇ ਜੀਵਨ ਬਾਰੇ ਇਕ ਖਾਸ ਗੱਲ ਲਿਖ ਰਿਹਾ ਹਾਂ, ਉਹ ਇਹ ਕਿ ਪ੍ਰੋਫੈਸਰ ਸਾਹਿਬ ਜੀ ਦੇ ਮਨ ਵਿਚ ਪਤਾ ਨਹੀਂ ਕਦੋਂ ਤੇ ਕਿਵੇਂ ਇਹ ਭਰਮ ਬੈਠ ਗਿਆ ਸੀ ਕਿ ਤਬਲਾ ਵਜਾਣਾ ਕੋਈ ਵਧੀਆ ਕੰਮ ਨਹੀਂ, ਜਾਂ ਤਬਲਾ ਵਜਾ ਕੇ ਰੋਜ਼ੀ ਕਮਾਣੀ ਇਕ ਘਟੀਆ ਕੰਮ ਹੈ ਤੇ ਬਰਾਦਰੀ ਅਤੇ ਪਰਿਵਾਰ ਇਸ ਕੰਮ ਨੂੰ ਘਟੀਆ ਕੰਮ ਸਮਝਦੇ ਹਨ। ਇਸੇ ਲਈ ਪ੍ਰੋਫੈਸਰ ਸਾਹਿਬ ਨੇ ਇਹ ਖਾਸੀਅਤ ਸਾਰੀ ਉਮਰ ਆਪਣੇ ਪਰਿਵਾਰ ਤੋਂ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਕਿਤੇ ਪਰਿਵਾਰ ਨੂੰ ਇਹ ਪਤਾ ਨਾ ਲੱਗੇ ਕਿ ਮੈਂ ਤਬਲਾ ਵਜਾ ਕੇ ਰੋਜ਼ੀ ਕਮਾਉਂਦਾ ਹਾਂ। ਹੀਣ ਭਾਵਨਾ ਇਹਨਾਂ ਦੇ ਮਨ ਵਿਚ ਬੈਠੀ ਹੋਈ ਸੀ।

ਪਰ ਇਹਨਾਂ ਨੇ ਕਦੇ ਇਹ ਨਹੀਂ ਸੀ ਸੋਚਿਆ ਕਿ ਸਟੇਜ ਤੇ ਬੈਠ ਕੇ ਜਦੋਂ ਤੁਸੀਂ ਕੀਰਤਨ ਕਰਦੇ ਹੋ ਤਾਂ ਤੁਹਾਡੇ ਸਾਹਮਣੇ ਸੰਗਤ ਵਿਚ ਵੱਡੇ ਵੱਡੇ ਪੜ੍ਹੇ ਲਿਖੇ ਲੋਕ ਤੇ ਬੁੱਧੀਜੀਵੀ, ਕਾਲਿਜਾਂ ਦੇ ਪ੍ਰੋਫੈਸਰ ਤੇ ਪ੍ਰਿੰਸੀਪਲ, ਯੂਨੀਵਰਸਿਟੀ ਦੇ ਉੱਪ ਕੁਲਪਤੀ, ਵਕੀਲ ਤੇ ਬੈਰਿਸਟਰ ਅਤੇ ਕਚਹਿਰੀਆਂ ਦੇ ਜੱਜ ਤੇ ਹਾਈ ਕੋਰਟ ਦੇ ਜੱਜ ਅਤੇ ਵੱਡੇ ਵੱਡੇ ਰਾਜਨੇਤਾ ਤੇ ਮੰਤਰੀ, ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਅਤੇ ਰਾਜੇ ਮਹਾਰਾਜੇ ਅਤੇ ਸੰਗੀਤਕਾਰ ਸਭ ਸੁਣਨ ਵਾਲਿਆਂ ਵਿਚ ਹੁੰਦੇ ਹਨ ਅਤੇ ਸਭ ਨੂੰ ਆਪਣੀ ਕਲਾ ਰਾਹੀਂ ਤੁਸੀਂ ਮੰਤਰ ਮੁਗਧ ਕਰ ਦੇਂਦੇ ਹੋ ਤੇ ਸਭ ਲੋਕ ਤੁਹਾਡੇ ਗੁਣ ਤੋਂ ਪ੍ਰਭਾਵਤ ਹੁੰਦੇ ਹਨ ਅਤੇ ਤੁਹਾਡੀ ਸੇਵਾ ਕਰਨ ਵਾਸਤੇ ਲੋਕ ਤੁਹਾਡੇ ਅੱਗੇ ਪਿੱਛੇ ਫਿਰਦੇ ਹਨ। ਇਹ ਕੋਈ ਜਲਵਿਆਂ ਤੋਂ ਘੱਟ ਗੱਲ ਹੈ? ਜੋ ਜੋ ਜਲਵੇ ਆਪ ਜੀ ਨੇ ਲੋਕਾਂ ਨੂੰ ਦਿਖਾਏ ਉਹ ਅੱਗੇ ਲਿਖਾਂਗਾ।

ਅਸੀਂ ਇਕ ਵਾਰ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਪੁਰਬ ਤੇ ਗੁਰਦੁਆਰਾ ਸਿੰਘ ਸਭਾ ਗੋਬਿੰਦ ਨਗਰ ਕਾਨਪੁਰ ਗਏ ਅਤੇ ਓਥੇ ਰਾਤ ਦਾ ਅਖੀਰਲਾ ਦੀਵਾਨ ਸੀ ਅਤੇ ਸਾਰਾ ਪੰਡਾਲ ਸੰਗਤ ਨਾਲ ਖਚਾਖਚ ਭਰਿਆ ਹੋਇਆ ਸੀ ਅਤੇ ਕਾਨਪੁਰ ਰਹਿਣ ਵਾਲੇ ਸਾਰੇ ਰਾਗੀ ਸਿੰਘ, ਜਿਹਨਾਂ ਵਿਚ ਮਾਸਟਰ ਸੁਰਜੀਤ ਸਿੰਘ ਦਰਦੀ ਰਾਗੀ, ਜੋ ਕਿ ਗਵਾਲਿਅਰ ਘਰਾਣੇ ਦੇ ਬਹੁਤ ਵੱਡੇ ਉਸਤਾਦ ਸੰਗੀਤਕਾਰ ਸਨ ਉਹ ਵੀ ਸਾਹਮਣੇ ਬੈਠੇ ਹੋਏ ਸਨ। ਸਭ ਲੋਕ ਸਾਡਾ ਪ੍ਰੋਗਰਾਮ ਸੁਣ ਰਹੇ ਸਨ ਅਤੇ ਅਸੀਂ ਸ਼ਬਦ ਪੜ੍ਹ ਰਹੇ ਸੀ, ਰਾਗ ਮਾਲਕੋਂਸ ਵਿਚ ਤਾਲ ਰੂਪਕ ਵਿਚ 'ਤੂੰ ਸੁਲਤਾਨ ਕਹਾ ਹਉ ਮੀਆਂ ਤੇਰੀ ਕਵਨ ਵਡਾਈ:' ਜਦੋਂ ਅਸੀਂ ਇਕ ਅੰਤਰਾ ਪੜ੍ਹ ਕੇ ਗਾ ਕੇ ਮੁੜ ਕੇ ਅਸਥਾਈ ਸ਼ੁਰੂ ਕੀਤੀ ਤਾਂ ਪ੍ਰੋਫੈਸਰ ਮੋਹਨ ਸਿੰਘ ਜੀ ਨੇ ਪਹਿਲੇ ਢਾਈਏ ਦੀ ਦੁੱਗਣ ਸ਼ੁਰੂ ਕੀਤੀ ਅਤੇ ਫਿਰ ਚੌਗਣ ਵਜਾਈ ਅਤੇ ਅਖੀਰ ਤੀਏ ਦੇ ਨੌਂ ਮੁਕਾਏ ਤੇ ਜਦੋਂ ਆਖਰੀ ਤੀਏ ਦੇ ਗੁਰ ਤੇ ਧਾ ਵਜਾਈ ਤਾਂ ਸਭ ਰਾਗੀ ਤੇ ਗੁਣੀ 'ਵਾਹ ਵਾਹ' ਕਰ

ਉੱਠੇ ਅਤੇ ਸਭ ਨੇ ਖੁਸ਼ ਹੋ ਕੇ ਪ੍ਰੋਫੈਸਰ ਮੋਹਨ ਸਿੰਘ ਜੀ ਤੇ ਨੋਟਾਂ ਦੀ ਵਰਖਾ ਕਰ ਦਿੱਤੀ। ਇਤਨੇ ਨੋਟ ਸਾਨੂੰ ਵਾਜੇ ਤੇ ਨਹੀਂ ਹੋਏ ਜਿਨੇ ਪ੍ਰੋਫੈਸਰ ਸਾਹਿਬ ਨੂੰ ਤਬਲੇ ਤੇ ਆ ਗਏ, ਏਹ ਵੀ ਤਾਂ ਇਕ ਕ੍ਰਿਸਮਾਂ ਅਤੇ ਇਕ ਜਲਵਾ ਹੀ ਸੀ।

ਜਦੋਂ ਅਸੀਂ ਬੈਂਕਾਕ ਗੁਰਦੁਆਰਾ ਸਾਹਿਬ ਥਾਈਲੈਂਡ ਦੇ ਸੱਦੇ ਤੇ ਗਏ, ਓਥੇ ਅਸੀਂ ਤਿੰਨ ਮਹੀਨੇ ਕੀਰਤਨ ਕੀਤਾ ਤਾਂ ਬੈਂਕਾਕ ਵਿਖੇ ਇਕ ਸ. ਚਤਰ ਸਿੰਘ ਦੁਆ ਜੀ ਹਨ ਜਿਹਨਾਂ ਦੀ ਰਿਕਾਰਡ ਕੰਪਨੀ ਹੈ ਉਹਨਾਂ ਨੇ ਸਾਡੇ ਕੀਰਤਨ ਦੀਆਂ ਤਿੰਨ ਕੈਸਿਟਾਂ ਰਿਕਾਰਡ ਕੀਤੀਆਂ ਸਨ। ਉਹਨਾਂ ਕੈਸਿਟਾਂ ਵਿਚ ਜੋ ਪ੍ਰੋਫੈਸਰ ਸਾਹਿਬ ਜੀ ਨੇ ਤਬਲਾ ਵਜਾਇਆ ਹੈ, ਉਹ ਇੰਤਨਾ ਰਸਦਾਇਕ ਤੇ ਮਿੱਠਾ ਹੈ ਕਿ ਜਿਹੜਾ ਵੀ ਉਹ ਕੈਸਿਟ ਸੁਣਦਾ ਹੈ, ਉਸ ਦਾ ਮਨ ਕਰਦਾ ਹੈ ਕਿ ਉਹ ਸੁਣਦਾ ਹੀ ਰਹੇ ਅਤੇ ਇਹ ਮੇਰੇ ਜੀਵਨ ਦੀਆਂ ਸਭ ਤੋਂ ਵਧੀਆ ਕੀਰਤਨ ਦੀਆਂ ਤਿੰਨ ਕੈਸਿਟਾਂ ਹਨ।

ਗਾਇਕੀ ਨੂੰ ਚਾਰ ਚੰਨ ਲਾ ਦੇਣੇ ਏਹ ਤਬਲਾ ਵਾਲੇ ਦੇ ਹੱਥ ਵਿਚ ਹੁੰਦਾ ਹੈ। ਤਬਲੇ ਵਾਲਾ ਚਾਹੇ ਤਾਂ ਗਾਇਕ ਦੀ ਗਾਇਕੀ ਦਾ ਬੇੜਾ ਗਰਕ ਕਰ ਦੇਵੇ ਅਤੇ ਜੇ ਚਾਹੇ ਤਾਂ ਗਾਇਕ ਨੂੰ ਟੀਸੀ ਤੇ ਪੂਰਾ ਦੇਵੇ। ਏਹ ਟੀਸੀ ਤੇ ਪੁਚਾ ਕੇ ਜਲਵੇ ਦਿਖਾਣ ਵਾਲੇ ਪ੍ਰੋਫੈਸਰ ਮੋਹਨ ਸਿੰਘ ਜੀ ਸਨ।

ਪ੍ਰੋਫੈਸਰ ਮੋਹਨ ਸਿੰਘ ਜੀ ਦਾ ਜਨਮ ਸੰਨ 1940 ਵਿਚ ਨਾਭਾ ਸ਼ਹਿਰ ਵਿਖੇ ਆਪ ਜੀ ਦੇ ਨਾਨਕੇ ਘਰ ਹੋਇਆ।ਆਪ ਜੀ ਦੀ ਮਾਤਾ ਦਾ ਨਾਮ ਬੀਬੀ ਸੁਰਨ ਕੌਰ ਸੀ, ਅਤੇ ਇਹਨਾਂ ਦੇ ਪਿਤਾ ਜੀ ਸਿੱਖ ਪੰਥ ਦੇ ਮਸ਼ਹੂਰ ਤਬਲਾ ਵਾਦਕ ਭਾਈ ਮਹਾਂ ਸਿੰਘ ਜੀ ਸਨ, ਜੋ ਕਿ ਨਨਕਾਣਾ ਸਾਹਿਬ ਵਿਖੇ ਗੁਰਦੁਆਰਾ ਜਨਮ ਅਸਥਾਨ ਦੇ ਪਿਛਲੇ ਪਾਸੇ ਨਈ ਬਸਤੀ (ਪਾਕਿਸਤਾਨ ਦੇ ਰਹਿਣ ਵਾਲੇ ਸਨ ਅਤੇ ਆਪ ਜੀ ਦਾ ਪਰਿਵਾਰ, ਭਾਈ ਮਰਦਾਨਾ ਜੀ ਦੀ ਅੰਸ ਬੰਸ ਵਿਚੋਂ ਹੈ) ਅਤੇ ਸ ਮਹਾਂ ਸਿੰਘ ਜੀ ਤਿੰਨ ਭਰਾ ਸਨ, ਸਭ ਤੋਂ ਵੱਡੇ ਸੰਤ ਰਣਜੋਧ ਸਿੰਘ ਜੀ, ਜਿਹਨਾਂ ਦੇ ਸਪੁੱਤਰ ਸਨ, ਮਸ਼ਹੂਰ ਪ੍ਰਸਿੱਧ ਕੀਰਤਨੀਏ ਭਾਈ ਪਾਲ ਸਿੰਘ, ਜਸਵੰਤ ਸਿੰਘ ਤੇ ਗੁਲਜ਼ਾਰ ਸਿੰਘ, ਦੂਜੇ ਨੰਬਰ ਤੇ ਭਾਈ ਮਹਾਂ ਸਿੰਘ ਜੀ ਇਹਨਾਂ ਦੇ ਵੀ ਤਿੰਨ ਸਪੁੱਤਰ ਸਨ ਪ੍ਰੋਫੈਸਰ ਮੋਹਨ ਸਿੰਘ ਜੀ, ਦੂਜੇ ਨੰਬਰ ਤੇ ਸ: ਦਵਿੰਦਰ ਸਿੰਘ ਕਾਮਰੇਡ, ਜੋ ਕਿ ਕਾਮਰੇਡ ਪਾਰਟੀ ਪਟਿਆਲਾ ਦੇ ਜਨਰਲ ਸਕੱਤਰ ਸਨ ਅਤੇ ਉਹ ਬਹੁਤ ਚੜ੍ਹਦੀ ਕਲਾ ਵਾਲੇ ਪੁਰਖ ਸਨ, ਜਿਹਨਾਂ ਦੀ ਸਰਕਾਰੇ ਦਰਬਾਰੇ ਬਹੁਤ ਗੱਲ ਚਲਦੀ ਸੀ। ਇਹ ਸਵਰਗਵਾਸ ਹੋ ਚੁੱਕੇ ਸਨ ਅਤੇ ਤੀਜੇ ਭਰਾ ਸੀ ਸਭ ਤੋਂ ਛੋਟੇ ਸ: ਗੁਰਕੀਰਤ ਸਿੰਘ ਜੋ ਕਿ ਪੁਲੀਸ ਵਿਚ ਸਨ ਅਤੇ ਡੀ ਸੀ ਸਾਹਿਬ ਦੇ ਡਰਾਈਵਰ ਸਨ। ਏਹ ਵੀ ਸਵਰਗਵਾਸ ਹੋ ਚੁੱਕੇ ਹਨ ਅਤੇ ਸ: ਮਹਾਂ ਸਿੰਘ ਜੀ ਤੇ ਛੋਟੇ ਭਰਾ ਸਨ ਸ ਤੇਜਾ ਸਿੰਘ ਸੀ।

ਸ: ਮਹਾਂ ਸਿੰਘ ਸਿੱਖ ਪੰਥ ਦੇ ਮੰਨੇ ਪ੍ਰਮੰਨੇ ਤਬਲਾ ਵਾਦਕ ਸਨ ਅਤੇ ਆਪਣੇ ਭਤੀਜਿਆ ਭਾਈ ਪਾਲ ਸਿੰਘ, ਜਸਵੰਤ ਸਿੰਘ ਦੇ ਰਾਗੀ ਜੱਥੇ ਨਾਲ ਤਬਲੇ ਦੀ ਸੰਗਤ ਕਰਦੇ ਸਨ ਅਤੇ ਜਿਤਨੇ ਵੀ ਪੁਰਾਤਨ ਮਸ਼ਹੂਰ ਤਬਲਾ ਵਾਦਕ ਸਨ, ਜਿਹਨਾਂ ਦਾ ਨਾਮ ਲੋਕ ਬੜੇ ਸਤਿਕਾਰ ਨਾਲ ਲੈਂਦੇ ਹਨ, ਉਹਨਾਂ ਵਿਚੋਂ ਇਕ ਭਾਈ ਮਹਾਂ ਸਿੰਘ ਜੀ ਸਨ। ਉਹਨਾਂ ਦੀ ਸ਼੍ਰੇਣੀ ਦੇ ਤਬਲਈਏ ਸਨ। ਸ: ਉੱਤਮ ਸਿੰਘ, ਜਰਨੈਲ ਸਿੰਘ, ਸ. ਨਿਹਾਲ ਸਿੰਘ, ਸ: ਅਰਜਨ ਸਿੰਘ ਲਟੂਣੀ, ਭਾਈ ਬਲਬੀਰ ਸਿੰਘ ਰਾਗੀ ਤਰਨ ਤਾਰਨੀ ਅਤੇ ਇਹਨਾਂ ਦੇ ਭਰਾ ਸ: ਮਹਿੰਦਰ ਸਿੰਘ, ਭਾਈ ਸੰਤਾ ਸਿੰਘ ਕੰਵਲ, ਮਾਸਟਰ ਅਜੀਤ ਸਿੰਘ, ਭਾਈ ਮਨਸਾ ਸਿੰਘ ਜੀ।

ਪ੍ਰੋਫੈਸਰ ਮੋਹਨ ਸਿੰਘ ਜੀ ਨੇ ਸਕੂਲ ਦੀ ਪੜ੍ਹਾਈ ਮੈਟ੍ਰਿਕ ਤਕ ਕਰ ਕੇ, ਫਿਰ ਗਿਆਨੀ ਦੀ ਕਲਾਸ ਕੀਤੀ ਅਤੇ ਤਬਲੇ ਦੀ ਸਿੱਖਿਆ ਆਪ ਜੀ ਨੇ ਸਭ ਤੋਂ ਪਹਿਲੇ ਆਪਣੇ ਪਿਤਾ ਸ: ਮਹਾਂ ਸਿੰਘ ਤੋਂ ਲਈ ਅਤੇ ਫਿਰ ਪ੍ਰਸਿੱਧ ਤਬਲਾ ਵਾਦਕ ਉਸਤਾਦ ਸ: ਕਿਰਪਾਲ ਸਿੰਘ ਜੀ ਪਟਿਆਲੇ ਵਾਲਿਆਂ ਤੋਂ ਲਈ ਅਤੇ ਇਸ ਤੋਂ ਬਾਦ ਓਰੀਐਂਟਲ ਕਾਲਜ ਪਟਿਆਲੇ ਤੋਂ ਤਬਲੇ ਦਾ ਬੀ. ਏ. ਦਾ ਕੋਰਸ ਕੀਤਾ।

ਜਿਸ ਤਰ੍ਹਾਂ ਪ੍ਰੋ: ਮੋਹਨ ਸਿੰਘ ਜੀ ਦੇ ਵੱਡੇ ਪੁਰਖਿਆਂ ਨੇ, ਸੰਗੀਤ ਅਤੇ ਕੀਰਤਨ ਦੀ ਲਾਈਨ ਵਿਚ, ਸਿੱਖ ਪੰਥ ਵਿਚ ਚੰਗਾ ਨਾਮ ਕਮਾਇਆ, ਭਾਈ ਪਾਲ ਸਿੰਘ, ਜਸਵੰਤ ਸਿੰਘ ਜੀ ਦੇ ਰਾਗੀ ਜੱਥੇ ਨੇ, ਇਸੇ ਤਰ੍ਹਾਂ ਪ੍ਰੋ: ਮੋਹਨ ਸਿੰਘ ਜੀ ਨੇ ਵੀ ਤਬਲਾ ਵਜਾਣ ਦੀ ਇਕ ਮਿਸਾਲ ਕਾਇਮ ਕੀਤੀ। ਇਹਨਾਂ ਨੇ ਸਿੱਖ ਪੰਥ ਤੇ ਮਸ਼ਹੂਰ ਤੇ ਪ੍ਰਸਿੱਧ ਤੇ ਨਾਮੀ ਰਾਗੀਆਂ ਨਾਲ ਤਬਲੇ ਦੀ ਸੰਗਤ ਕਰ ਕੇ ਆਪਣਾ ਇਕ ਸਥਾਨ ਕਾਇਮ ਕੀਤਾ। ਇਹ ਵੀ ਇਹਨਾਂ ਦੇ ਜਲਵੇ ਸਨ। ਆਪ ਜੀ ਨੇ ਤਬਰੀਬਨ ਅੱਠ ਨੇ ਰਾਗੀ ਜੱਥਿਆਂ ਨਾਲ ਤਬਲੇ ਦੀ ਸੰਗਤ ਕੀਤੀ। ਅਤੇ ਇਸ ਤੋਂ ਇਲਾਵਾ ਆਪ ਜੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ, ਤਬਲੇ ਦੇ ਪ੍ਰੋਫੈਸਰ ਦੀ ਡੀਉਟੀ

ਤਕਰੀਬਨ ਅਠਾਰਾਂ ਸਾਲ ਸਰਵਿਸ ਕੀਤੀ।

ਆਪ ਜੀ ਨੇ ਪਹਿਲੇ ਸਿੱਖ ਪੰਥ ਦੇ ਸਿਰਮੌਰ ਕੀਰਤਨੀਏ ਅਤੇ ਦਾਸ ਦੇ ਉਸਤਾਦ ਭਾਈ ਸੰਤੋਖ ਸਿੰਘ ਸੰਧੂ ਨਾਲ ਸਿੰਘ ਸਭਾ ਡੇਹਰਾਦੂਨ ਵਿਚ ਡੀਊਟੀ ਕੀਤੀ ਅਤੇ ਇਸ ਤੋਂ ਬਾਅਦ ਦੂਜੀ ਵਾਰ ਫਿਰ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਭਾਈ ਸੰਤੋਖ ਸਿੰਘ ਸੰਧੂ ਨਾਲ ਡਿਊਟੀ ਕੀਤੀ। ਇਸ ਤੋਂ ਇਲਾਵਾ ਭਾਈ ਸੰਤਾ ਸਿੰਘ ਕੰਵਲ ਨਾਲ, ਗੁਰਦੁਆਰਾ ਦੁਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਤਬਲੇ ਦੀ ਸੰਗਤ ਡੀਊਟੀ ਕੀਤੀ। ਅਤੇ ਟਕਸਾਲੀ ਕੀਰਤਨੀਏ ਭਾਈ ਕ੍ਰਿਪਾਲ ਸਿੰਘ ਹਜ਼ੂਰੀ ਰਾਗੀ ਦੁਖ ਨਿਵਾਰਨ ਨਾਲ ਵੀ ਡਿਊਟੀ ਕੀਤੀ। ਅਤੇ ਭਾਈ ਕਿਰਪਾਲ ਸਿੰਘ ਜੀ ਨਾਲ ਆਪ ਜੀ ਨੇ ਅਫਗਾਨਿਸਤਾਨ ਅਤੇ ਈਰਾਨ ਦੀ ਵਿਦੇਸ਼ ਯਾਤਰਾ ਵੀ ਕੀਤੀ। ਇਸ ਤੋਂ ਇਲਾਵਾ ਭਾਈ ਉੱਤਮ ਸਿੰਘ ਪਤੰਗ, ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਸਰਹਿੰਦ ਵਿਖੇ ਅਤੇ ਉਸ ਤੋਂ ਬਾਅਦ ਗੁਰਦੁਆਰਾ ਮੋਤੀ ਬਾਗ ਪਟਿਆਲਾ ਵਿਖੇ ਸੇਵਾ ਕੀਤੀ ਅਤੇ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ, ਭਾਈ ਸਾਧੂ ਸਿੰਘ ਰਾਗੀ ਅਤੇ ਭਾਈ ਹਮੀਰ ਸਿੰਘ ਰਾਗੀ ਨਾਲ ਤਬਲਾ ਵਜਾਣ ਦੀ ਸੇਵਾ ਨਿਭਾਈ ਅਤੇ ਡਾਕਟਰ ਸੁਰਜੀਤ ਸਿੰਘ ਰਾਗੀ ਨਾਲ ਆਪ ਜੀ ਨੇ ਪਾਕਿਸਤਾਨ ਦੀ ਯਾਤਰਾ ਕੀਤੀ ਅਤੇ ਇਸ ਤੋਂ ਇਲਾਵਾ ਆਪ ਜੀ ਨੇ ਭਾਈ ਕਰਮ ਸਿੰਘ ਰਤਨ ਨਾਲ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ ਚੰਡੀਗੜ੍ਹ ਵਿਖੇ ਵੀ ਤਬਲੇ ਦੀ ਸੇਵਾ ਨਿਭਾਈ ਅਤੇ ਭਾਈ ਕਰਮ ਸਿੰਘ ਰਤਨ ਨਾਲ ਹੀ ਵਿਦੇਸ਼ਾਂ ਵਿਚ ਤਿੰਨ ਮਹੀਨੇ ਬੈਂਕਾਕ, ਥਾਈਲੈਂਡ ਅਤੇ ਦੋ ਮਹੀਨੇ ਕੁਆਲਾਲੰਪੁਰ, ਮਲੇਸ਼ੀਆ ਅਤੇ ਛੇ ਮਹੀਨੇ ਗੁਰਦੁਆਰਾ ਗੁਰੂ ਨਾਨਕ ਸਤਸੰਗ ਕਾਤੋਂਗ ਸਿੰਘਾਪੁਰ ਵਿਖੇ ਕੀਰਤਨ ਨਾਲ ਸੰਗਤ ਕੀਤੀ। ਕੁਝ ਸਮਾਂ ਆਪ ਡਾ. ਜਾਗੀਰ ਸਿੰਘ ਚੰਡੀਗੜ੍ਹ ਨਾਲ ਵੀ ਤਬਲੇ ਤੇ ਸੰਗਤ ਕਰਦੇ ਰਹੇ ਅਤੇ ਸਭ ਤੋਂ ਵੱਡਾ ਜਲਵਾ ਹੈ ਆਪ ਜੀ ਦਾ ਜੋ ਕਿ ਆਪ ਜੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ, ਪਹਿਲੇ ਸੰਨ 1974 ਤੋਂ ਸੰਨ 1983 ਤਕ, ਅਤੇ ਫਿਰ ਦੂਜੀ ਵਾਰ ਸੰਨ 1986 ਤੋਂ ਲੈ ਕੇ ਸੰਨ 2003 ਤਕ ਡੀਊਟੀ ਕਰ ਕੇ ਹਜ਼ਾਰਾਂ ਬੱਚਿਆਂ ਨੂੰ ਤਬਲਾ ਵਜਾਣ ਦੀ ਸਿੱਖਿਆ ਦਿੱਤੀ ਅਤੇ 2003 ਵਿਚ ਆਪ ਜੀ ਦੀ ਰੀਟਾਇਰਮੈਂਟ ਹੋ ਗਈ।

ਪ੍ਰੋਫੈਸਰ ਮੋਹਨ ਸਿੰਘ ਜੀ ਦੀ ਸ਼ਾਦੀ ਬੀਬੀ ਨਛੱਤਰ ਕੌਰ (ਭੋਲੀ) ਨਾਲ ਚਹੇੜੂ ਜਲੰਧਰ ਕੋਲ ਸੰਨ 1975 ਵਿਚ ਹੋਈ ਜਿਸ ਵਿਚੋਂ ਆਪ ਜੀ ਦੇ ਚਾਰ ਬੱਚੇ ਹਨ। ਆਪ ਜੀ ਦਾ ਸਪੁੱਤਰ ਸ. ਮਨਦੀਪ ਸਿੰਘ ਜਿਸ ਨੇ ਐੱਮ.ਏ., ਯੂ.ਜੀ.ਸੀ. 1981 ਵਿਚ ਕੀਤੀ ਸੀ ਅਤੇ ਅੱਜ ਕਲ ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਹੀ ਡੀਊਟੀ ਕਰ ਰਹੇ ਹਨ। ਪ੍ਰੋਫੈਸਰ ਸਾਹਿਬ ਦੀ ਵੱਡੀ ਬੱਚੀ ਸੁਖਬੀਰ ਕੌਰ, ਪਿੰਡ ਭੈਣੀ ਸੁਨਾਮ ਦੇ ਕੋਲ ਜ਼ਿਲ੍ਹਾ ਸੰਗਰੂਰ ਵਿਖੇ ਸ: ਬਲਜਿੰਦਰ ਸਿੰਘ ਨਾਲ ਵਿਆਹੀ ਹੋਈ ਹੈ ਜੋ ਕਿ ਪੁਲਿਸ ਵਿਚ ਹਨ ਅਤੇ ਦੂਸਰੀ ਬੇਟੀ ਲਖਬੀਰ ਕੌਰ ਅਬੋਹਰ ਵਿਖੇ ਡਾਕਟਰ ਸੁਖਦੇਵ ਸਿੰਘ ਨਾਲ ਵਿਆਹੀ ਹੋਈ ਹੈ ਅਤੇ ਤੀਸਰੀ ਬੇਟੀ ਸਰਬਜੀਤ ਕੌਰ ਅਮਰਗੜ੍ਹ ਵਿਖੇ ਸ ਰਵਿੰਦਰ ਸਿੰਘ ਬਬੂ ਨਾਲ ਵਿਆਹੀ ਹੈ, ਜਿਹਨਾਂ ਦਾ ਖੇਤੀਬਾੜੀ ਦਾ ਬਹੁਤ ਵੱਡਾ ਫਾਰਮ ਹੈ।

ਆਪ ਜੀ ਦੇ ਪਰਿਵਾਰ ਦੀ ਪਾਕਿਸਤਾਨ ਵਾਲੀ ਜ਼ਮੀਨ ਛਛਰੌਲੀ ਹਰਿਆਣਾ ਵਿਖੇ ਅਲਾਟ ਹੋਈ ਸੀ, ਪਰ ਆਪ ਜੀ ਦੇ ਪਰਿਵਾਰ ਨੇ ਪਟਿਆਲਾ ਪੰਜਾਬ ਵਿਖੇ ਹੀ ਰਹਿਣਾ ਪਸੰਦ ਕੀਤਾ।

ਸੋ ਪ੍ਰੋਫੈਸਰ ਮੋਹਨ ਸਿੰਘ ਜੀ ਨੇ ਐਸੇ ਐਸੇ ਮਾਅਰਕੇ ਮਾਰੇ ਤੇ ਐਸੇ ਐਸੇ ਜਲਵੇ ਦਿਖਾਏ ਕਿ ਤਬਲਾ ਵਜਾ ਕੇ ਦੁਨੀਆ ਨੂੰ ਮੰਤਰ ਮੁਗਧ ਕਰ ਦਿੱਤਾ।

ਆਪ ਜੀ ਬਾਬਾ ਸ੍ਰੀ ਚੰਦ ਮਾਰਗ, ਪ੍ਰੀਤ ਨਗਰ, ਸਰਹਿੰਦ ਰੋਡ, ਪਟਿਆਲਾ ਵਿਖੇ ਰਹਿੰਦੇ ਸਨ। (ਆਪ ਜੀ 20 ਅਪ੍ਰੈਲ 2016 ਵਿੱਚ ਅਕਾਲ ਚਲਾਣਾ ਕਰ ਗਏ ਸਨ।)

# ਪੰਜਾਬ ਦੇ ਸੰਗੀਤ ਦਾ ਮਹਾਨ ਕੋਸ਼ – ਬਲਬੀਰ ਸਿੰਘ ਕੰਵਲ

ਡਾ. ਜਾਗੀਰ ਸਿੰਘ

ਬਲਬੀਰ ਸਿੰਘ ਕੰਵਲ ਜੀ ਨਾਲ ਮੇਰੀ ਪਹਿਲੀ ਮੁਲਾਕਾਤ 1986 ਵਿੱਚ ਇੰਗਲੈਂਡ ਵਿਖੇ ਹੋਈ ਸੀ। ਮੈਂ ਉਥੇ ਈਸਟ ਹੈਮ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਕੀਤਾ ਤੇ ਉਹਨਾਂ ਨੇ ਕੀਰਤਨ ਸੁਣਿਆ ਤੇ ਤਾਰੀਫ ਕੀਤੀ। ਉਦੋਂ ਬਤੌਰ ਲੇਖਕ ਉਹ ਕਾਫੀ ਪ੍ਰਸਿੱਧ ਸਨ ਅਤੇ ਪੰਜਾਬ ਦੇ ਸੰਗੀਤਕਾਰਾਂ ਵਿੱਚ ਉਹ ਸਤਿਕਾਰਤ ਲੇਖਕ ਸਨ ਉਹਨਾਂ ਦੀ ਤਾਰੀਫ ਨੇ ਉਥੇ ਦੀ ਸੰਗਤ ਵਿੱਚ ਮੇਰਾ ਸਨਮਾਨ ਹੋਰ ਵਧਾ ਦਿੱਤਾ। ਦੂਜੇ ਦਿਨ ਉਹ ਸਾਨੂੰ ਆਪਣੇ ਘਰ ਲੈ ਗਏ। ਮੈਂ ਉਦੋਂ ਆਪਣੀ ਪਤਨੀ ਅਤੇ ਛੇ ਸਾਲ ਦੀ ਆਪਣੀ ਬੇਟੀ ਨਾਲ ਇੰਗਲੈਂਡ ਫੇਰੀ ਤੇ ਗਿਆ ਸਾਂ। ਇਹਨਾਂ ਦੀ ਪਤਨੀ ਅਤੇ ਮੇਰੀ ਪਤਨੀ ਦੀ ਰਗ ਆਪਸ ਵਿੱਚ ਮਿਲ ਗਈ। ਉਹ ਬਾਜ਼ਾਰ ਚਲੀਆਂ ਗਈਆਂ ਤੇ ਮੈਂ ਅਤੇ ਕੰਵਲ ਸਾਹਿਬ ਨਿਡਰ ਅਤੇ ਨਿਰਸੰਕੋਚ ਗੱਲਾਂ ਬਾਤਾਂ ਵਿੱਚ ਰੁੱਝ ਗਏ। ਕੰਵਲ ਜੀ ਦਾ ਘਰ, ਘਰ ਘਟ ਤੇ ਸਟੋਰ ਵਧੇਰੇ ਜਾਪਦਾ ਸੀ। ਉਹਨਾਂ ਕੋਲ ਸੰਗੀਤ ਦੇ ਤਵੇ, ਪੁਰਾਣੇ ਰਸਾਲੇ ਪੁਸਤਕਾਂ ਤੇ ਹੋਰ ਕਾਫੀ ਕੁਝ ਪਇਆ ਹੋਇਆ ਸੀ। ਉਹਨਾਂ ਦੀਆਂ ਗੱਲਾਂ ਸੁਣਨ ਵਿੱਚ ਮੈਂ ਇਤਨਾਂ ਮਸਤ ਸਾਂ ਕਿ ਕੁਝ ਬੋਲ ਨਹੀਂ ਸੀ ਰਿਹਾ। ਉਹਨਾਂ ਨੇ ਲੰਡਨ ਮਿਊਜ਼ੀਅਮ ਨਾਲ ਸਬੰਧਤ ਵੀ ਕਈ ਕਿੱਸੇ ਸੁਣਾਏ। ਅਸੀਂ ਸ਼ਾਇਦ ਦੋ ਮਹੀਨੇ ਉਥੇ ਰਹੇ ਪਰ ਕੰਵਲ ਜੀ ਨਾਲ ਮਿਲਣ ਦਾ ਬਹਾਨਾ ਤਾਂ ਲੱਭ ਹੀ ਲੈਂਦੇ ਸਾਂ। ਉਹਨਾਂ ਦੀ ਸਿਫਾਰਸ਼ ਨਾਲ ਕਈ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨ ਦਾ ਸਮਾਂ ਮਿਲਿਆ। 1986 ਵਿੱਚ ਉਦੋਂ ਸਾਰੇ ਗੁਰਦੁਆਰਾ ਸਾਹਿਬਾਨ ਵਿੱਚ ਜਿਵੇਂ ਇੱਕ ਇਨਕਲਾਬ ਆਇਆ ਹੋਇਆ ਸੀ। ਮੈਂ ਤਾਂ ਉਂਜ ਵੀ ਡਰਪੋਕ ਬਿਰਤੀ ਦਾ ਹਾਂ। ਕਿਸੇ ਨਾਲ ਬਹਿਸ ਨਹੀਂ ਸੀ ਕਰ ਸਕਦਾ। ਖੈਰ----। ਕੰਵਲ ਜੀ ਦੀ ਖੋਜੀ ਬਿਰਤੀ ਦਾ ਮੈਂ ਕਾਇਲ ਹੋ ਗਿਆ ਸਾਂ।

ਜਦੋਂ 'ਅੰਮ੍ਰਿਤ ਕੀਰਤਨ' ਦੀ ਪ੍ਰਕਾਸ਼ਨਾ ਆਰੰਭ ਹੋਈ ਤਾਂ ਕੰਵਲ ਜੀ ਨਾਲ ਸੰਪਰਕ ਹੋਰ ਪਕੇਰਾ ਹੋ ਗਿਆ। ਉਹਨਾਂ ਨੇ ਮੈਨੂੰ ਪ੍ਰੇਰਨਾ ਭਰਪੂਰ ਚਿੱਠੀ ਲਿਖੀ:

ਤੁਸੀਂ ਲੱਖ ਲੱਖ ਵਧਾਈਆਂ ਦੇ ਹੱਕਦਾਰ ਹੋ ਕਿ ਪੰਜਾਬੀ ਪੱਤਰਕਾਰੀ ਵਿੱਚ ਇੱਕ ਨਵਾਂ ਮੀਲ ਪੱਥਰ ਰੱਖਿਆ ਹੈ। ਪਰਚੇ ਦਾ ਮਿਆਰ ਕਾਫੀ ਉੱਚਾ ਹੈ, ਪਰ ਵਰਤੇ ਗਏ ਕਾਗਜ਼ ਤੋਂ ਮੈਂ ਬਹੁਤਾ ਖੁਸ਼ ਨਹੀਂ। ਇੰਡੀਆ ਵਿੱਚ ਕਾਗਜ਼ ਦੀ ਕਿਲੱਤ, ਅਤੇ ਦੂਜਾ ਅਜਿਹੀ ਪੱਤਰਕਾਰੀ, ਕਿੰਨਾ ਕੁ ਘਾਟੇ ਜਾਂ ਲਾਹੇਵੰਦ ਸੌਦਾ ਹੈ, ਮੈਨੂੰ ਇਸਦਾ ਭਲੀ ਪ੍ਰਕਾਰ ਗਿਆਨ ਹੈ। ਕਿਉਂਕਿ ਮੈਂ ਖੁਦ ਨਿਰਾਪੁਰਾ ਖੇਡਾਂ ਤੇ ਕਦੇ 'ਰੁਸਤਮ' ਨਾਂ ਦਾ ਇਕ ਪਰਚਾ ਬੜੇ ਹੌਂਸਲੇ ਨਾਲ ਕੱਢਿਆ ਸੀ-ਦੁਮਾਸਕ। ਪਰ ਇੱਥੋਂ ਸਭ ਕੁਝ ਹੁੰਦਿਆਂ ਹੋਇਆਂ ਖੇਡ ਮਹਿਕਮਾ ਜਾਂ ਹੋਰ, ਬਹੁਤਿਆਂ ਵੱਲੋਂ ਮੈਨੂੰ ਹੱਲਾਸ਼ੇਰੀ ਨਹੀਂ ਸੀ ਮਿਲੀ। ਉਸ ਨੂੰ ਕੋਲੋਂ ਪੈਸੇ ਪਾ ਕੇ ਛੇ ਸਾਲ ਕੱਢਦੇ ਰਹੇ, ਹਾਰ ਕੇ ਤੌਬਾ ਕਹਿਣੀ ਪਈ। ਕਈ ਸਾਲ ਅਸੀਂ ਫੋਕੀ ਬੱਲੇ ਬੱਲੇ 'ਚ ਫਸੇ ਰਹੇ ਕੋਈ ਵੀ ਕਲਮਕਾਰ, ਖਬਰੇ ਆਪਣਾ ਕੀਮਤੀ ਸਮਾਂ ਤਾਂ ਇਸ ਪਾਸੇ ਲਾ ਸਕਦਾ ਹੈ ਪਰ ਐਨੀ ਮਹਿੰਗਾਈ ਵਿਚ ਅਜਿਹੀ ਜ਼ਿਹਨੀ ਅਯਾਸ਼ੀ ਦੀ ਨਹੀਂ ਸੋਚ ਸਕਦਾ।
ਮੈਂ ਇਹ ਯਥਾਰਥ ਲਿਖ ਰਿਹਾ ਹਾਂ। ਕਿਸੇ ਤਰ੍ਹਾਂ ਵੀ ਤੁਹਾਡਾ ਪਹਾੜ ਜਿੱਡਾ ਜੇਰਾ ਢਾਹੁਣ ਲਈ ਨਹੀਂ, ਸਗੋਂ ਕਮਰਕੱਸਾ ਕਰਨ ਲਈ ਵੰਗਾਰ ਰਿਹਾ ਹਾਂ। ਜੇਕਰ ਹੁਣ ਨਿਤਰੇ ਹੋ ਤਾਂ ਡਟ ਜਾਓ। ਜਿੰਨੇ ਜੋਗੇ ਹਾਂ, ਅਸੀਂ ਤੁਹਾਡੇ ਨਾਲ ਹਾਂ। --ਬਲਬੀਰ ਸਿੰਘ ਕੰਵਲ, ਲੰਡਨ (ਦਸੰਬਰ 1989)

ਇਹ ਕੰਵਲ ਜੀ ਜਿਹੇ ਪ੍ਰੇਰਨਾ ਪੁਰਸ਼ਾਂ ਦੀ ਅਸੀਸ ਹੀ ਹੈ ਜਿਸ ਸਦਕਾ ਅਸੀਂ ਇਹ ਮੈਗਜ਼ੀਨ ਅਜੇ ਤਕ ਜਾਰੀ ਰੱਖ ਸਕੇ ਹਾਂ। ਇਸ ਤੋਂ ਇਲਾਵਾ ਉਹ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਸਮੱਗਰੀ ਬਾਰੇ ਵੀ ਸਾਰਥਕ ਟਿਪਣੀ ਕਰਦੇ ਰਹੇ ਹਨ। ਉਹਨਾਂ ਦੇ ਇੱਕ ਹੋਰ ਪੱਤਰ ਨੇ ਸਾਡਾ ਬਹੁਤ ਹੌਸਲਾ ਵਧਾਇਆ। ਮੇਰਾ ਵਿਚਾਰ ਹੈ ਉਹਨਾਂ ਦੇ ਪੱਤਰ ਨਵੇਂ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਲਈ ਇੱਕ ਕੀਮਤੀ ਦਸਤਾਵੇਜ਼ ਹਨ। ਇਹਨਾਂ ਨੂੰ ਸੰਭਾਲਣਾ ਅਤੇ ਪ੍ਰਚਾਰਨਾ ਲਾਹੇਵੰਦ ਹੋਵੇਗਾ। ਇਹ ਪੱਤਰ ਉਹਨਾਂ ਨੇ ਨਵੰਬਰ 1990 ਵਿੱਚ ਲਿਖਿਆ ਸੀ:

ਤੁਹਾਡੇ ਉੱਦਮ ਦੀ ਗੱਲ। ਈਸ਼ਵਰ ਗਵਾਹ ਹੈ ਕਿ ਸੰਗੀਤ ਤੇ ਕਈ ਵੱਡੇ ਵਿਦਵਾਨਾਂ ਦੇ ਲੇਖ ਪੜ੍ਹਨ ਦਾ ਮੌਕਾ ਵੀ ਬੜਦਾ ਰਿਹਾ ਪਰ ਅਫਸੋਸ,ਕਦੇ ਵੀ ਕਿਸੇ ਦਾ ਕੋਈ ਮਜਮੂਨ ਘੱਟ ਹੀ ਜਚਿਆ। ਇਸ ਵਿੱਚ ਮੇਰੀ ਮੂਰਖਤਾ ਨੂੰ ਦਖਲ ਵੀ ਹੋ ਸਕਦਾ ਹੈ। ਪਰ ਤੁਹਾਡੇ ਪਿਛਲੇ ਕੁਝ ਅੰਕਾਂ 'ਚ ਸ੍ਰੀ ਟੀ. ਸੀ. ਨਾਗਪਾਲ ਜੀ ਨੇ ਜਿਹੜੀ

ਲੇਖ ਲੜੀ ਸ਼ੁਰੂ ਕੀਤੀ ਹੈ, ਉਸ ਦਾ ਕੋਈ ਮੁਕਾਬਲਾ ਹੀ ਨਹੀਂ। ਜ਼ਿੰਦਗੀ ਵਿਚ ਖਾਸ ਕਰਕੇ ਰਬਾਬੀਆਂ ਬਾਰੇ ਜੇਕਰ ਕਿਸੇ ਦੇ ਲੇਖਾਂ ਦਾ ਸਰੂਰ ਆਇਆ ਹੈ ਤਾਂ ਕੇਵਲ ਇਹ ਹੀ ਵਿਅਕਤੀ ਹਨ। ਇਸ ਲਈ ਉਨ੍ਹਾਂ ਤਕ ਮੇਰੀਆਂ ਹਰਦਿਕ ਵਧਾਈਆਂ ਪਹੁੰਚਾ ਦੇਣੀਆਂ। ਮੈਨੂੰ ਡਰ ਕੇਵਲ ਇਸ ਗੱਲ ਦਾ ਹੈ ਕਿ ਇਸ ਵਿਸ਼ੇ ਉੱਤੇ ਉਹ ਸਿਮਟ ਸਿਮਟ ਕੇ ਕਿਉਂ ਲਿਖਦੇ ਹਨ। ਉਨ੍ਹਾਂ ਨੂੰ ਪੂਰੀ ਖੁੱਲ੍ਹ ਦਿਓ ਕਿ ਉਹ ਦਿਲ ਭਰ ਕੇ ਲਿਖਣ। ਉਨ੍ਹਾਂ ਦਾ ਭਰਵਾਂ ਲਿਖਿਆ ਹੋਇਆ, ਆਉਣ ਵਾਲੀਆਂ ਨਸਲਾਂ ਲਈ ਇਕ ਬੜਾ ਵੱਡਾ ਸਰਮਾਇਆ ਹੋਵੇਗਾ। ਇਸ ਅਮੀਰ ਵਿਰਸੇ ਨੂੰ ਸਾਂਭਣਾ ਸਾਡਾ ਸਭਨਾਂ ਦਾ ਧਰਮ ਫਰਜ਼ ਬਣਦਾ ਹੈ। ਸ੍ਰੀ ਨਾਗਪਾਲ ਜੀ ਨੇ ਆਪਣੇ ਕੁਝ ਲੇਖਾਂ ਵਿੱਚ ਹੀ ਉਹ ਕੁਝ ਕਰ ਵਿਖਾਇਆ ਹੈ, ਜਿਹੜਾ ਕੁਝ ਬੰਦੇ ਆਪਣੀਆਂ ਮੋਟੀਆਂ ਮੋਟੀਆਂ ਕਿਤਾਬਾਂ ਲਿਖ ਕੇ ਵੀ ਨਹੀਂ ਕਰ ਸਕੇ।
ਇਸ ਦੇ ਇਵਜ਼ ਵਿਚ ਮੈਂ ਤਾਂ ਇਹ ਸੋਚ ਰਿਹਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਨ੍ਹਾਂ ਲਈ ਉਮਰ ਭਰ ਪੈਨਸ਼ਨ ਲਾ ਦੇਣੀ ਚਾਹੀਦੀ ਹੈ।

ਜ਼ਰਾ ਵੇਖੋ ਤਾਂ ਸਹੀ ਕਿ ਇਸ ਸਦੀ ਦੇ ਉਨ੍ਹਾਂ ਨੇ ਹਰ ਵੱਡੇ ਰਬਾਬੀ ਨੂੰ ਸੁਣਿਆ ਹੈ ਜਿਵੇਂ ਭਾਈ ਸਾਂਈ ਦਿੱਤਾ, ਭਾਈ ਮੰਦਾ, ਭਾਈ ਨਸੀਰਾ,ਭਾਈ ਅਮੀਰਾ, ਭਾਈ ਲਾਲ,ਭਾਈ ਸੁੰਦਰ, ਭਾਈ ਚਾਂਦ ਆਦਿ। ਉਹਨਾਂ ਨੇ ਇਹਨਾਂ ਵੱਡੇ ਰਬਾਬੀਆਂ ਨੂੰ ਕੇਵਲ ਅੱਖੀਂ ਹੀ ਨਹੀਂ ਵੇਖਿਆ ਸਗੋਂ ਉਨ੍ਹਾਂ ਦੇ ਸਾਹਮਣੇ ਬੈਠ ਬੈਠ ਕੇ,ਉਨ੍ਹਾਂ ਨੂੰ ਢਿਡ ਭਰ ਭਰ ਕੇ ਵੀ ਸੁਣਿਆ ਹੋਇਆ ਹੈ। ਸੋ ਇਸ ਹਿਸਾਬ ਨਾਲ ਵੀ ਸਾਡੇ ਵਿਚੋਂ ਇਨ੍ਹਾਂ ਨਾਲੋਂ ਹੋਰ ਕਿਹੜਾ ਵੱਡਾ ਕਰਮਾਂ ਵਾਲਾ ਹੋ ਸਕਦਾ ਹੈ। ਖੁਸ਼ੀ ਦੀ ਗੱਲ ਹੈ ਕਿ ਮੇਰੇ ਕੋਲ ਅੰਮ੍ਰਿਤਸਰ ਸਾਹਿਬ ਦੇ ਬਹੁਤੇ ਰਬਾਬੀਆਂ ਦੇ ਚਿੱਤਰ ਸਾਂਭੇ ਪਏ ਹਨ।
ਮੈਂ ਤਾਂ ਆਖਾਂਗਾ ਕਿ ਇਹ ਉਹ ਸ਼ਖਸੀਅਤ ਹੈ ਜਿਸ ਦੇ ਸੀਨੇ ਵਿਚ ਲਗਭਗ ਇਕ ਸਦੀ ਦੇ ਸੰਗੀਤ ਦੀ ਸ਼ੀਰਨੀ ਅਤੇ ਸੁਗੰਧੀ ਸਮੋਈ ਪਈ ਹੈ।ਆਓ ਆਪਾਂ 'ਇਕ ਯੁਗ' ਦੀ ਨਿਸ਼ਾਨੀ ਨੂੰ ਰੱਜ ਰੱਜ ਕੇ ਪਿਆਰ ਸਤਿਕਾਰ ਦੇਈਏ।
ਬਲਬੀਰ ਸਿੰਘ ਕੰਵਲ- 2,ਐਲਬਰਟ ਰੋਡ, ਇਲਫਰਡ-ਲੰਡਨ
ਕੰਵਲ ਜੀ ਦੇ ਕਈ ਲੇਖ ਅੰਮ੍ਰਿਤ ਕੀਰਤਨ ਵਿੱਚ ਪ੍ਰਕਾਸ਼ਿਤ ਕੀਤੇ ਜਿਸ ਨਾਲ ਸਾਡੇ ਮੈਗਜ਼ੀਨ ਦਾ ਮਿਆਰ ਉੱਚਾ ਹੋਇਆ। ਸ਼ਾਇਦ ਕੰਵਲ ਜੀ ਦੇ ਇਹ ਲੇਖ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਸਾਨੂੰ ਇਹਨਾਂ ਨੂੰ ਛਾਪਣਾ ਦਾ ਮਾਣ ਪ੍ਰਾਪਤ ਹੋਇਆ ਹੈ। ਕੁਝ ਲੇਖਾਂ ਦਾ ਜ਼ਿਕਰ ਕਰਨਾਂ ਜ਼ਰੂਰੀ ਸਮਝਦਾ ਹਾਂ-

ਮਾਰਚ 1991 ਵਿੱਚ ਕਾਦਰ ਦੀ ਕੀਰਤੀ-ਕੀਰਤਨ, ਅਪ੍ਰੈਲ 1991 ਵਿੱਚ ਜਵੰਦ ਸਿੰਘ ਮਹਿਰਾ, ਮਾਰਚ 1992 ਭਾਈ ਚਾਂਦ, ਅਪ੍ਰੈਲ 1992 ਵਿੱਚ ਤਬਲੇ ਦੀ ਤਾਰੀਖ, ਜੁਲਾਈ 1992 ਵਿੱਚ ਪਟਿਆਲਾ ਘਰਾਣੇ ਦੀ ਵਾਦਨ ਪਰੰਪਰਾ, ਦਸੰਬਰ 1992 ਵਿੱਚ ਭਾਈ ਹੀਰਾ ਸਿੰਘ ਰਾਗੀ, ਫਰਵਰੀ 1993 ਵਿੱਚ ਉਸਤਾਦ ਬੜੇ ਗੁਲਾਮ ਅਲੀ ਖਾਂ।

ਖੁਸ਼ੀ ਦੀ ਗੱਲ ਹੈ ਕਿ ਕੰਵਲ ਜੀ ਦੇ ਲੇਖ ਅਤੇ ਹੋਰ ਸਮੱਗਰੀ ਭਰਪੂਰੀ 'ਅੰਮ੍ਰਿਤ ਕੀਰਤਨ'ਦੇ ਪੁਰਾਣੇ ਅੰਗ ਸਾਡੀ ਵੈੱਬ ਸਾਈਟ
(https://amritkirtan.com/magazine.html) ਤੇ ਹੁਣ ਪੜ੍ਹੇ ਜਾ ਸਕਦੇ ਹਨ।
ਕੰਵਲ ਜੀ ਪੰਜਾਬ ਦੇ ਸੰਗੀਤ ਅਤੇ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਜਿਹੜਾ ਕਾਰਜ ਕੀਤਾ ਹੈ। ਮੇਰੇ ਮਨ ਵਿੱਚ ਉਹਨਾਂ ਲਈ ਬਹੁਤ ਸਤਿਕਾਰ ਹੈ। ਅਤੇ ਮੈਂ ਉਹਨਾਂ ਦੇ ਸ਼ਬਦਾਂ ਵਿੱਚ ਸਭ ਸੰਗੀਤ ਪ੍ਰੇਮੀਆਂ ਨੂੰ ਬੇਨਤੀ ਕਰਦਾ ਹਾਂ ਕਿ --ਆਓ ਆਪਾਂ 'ਇਕ ਯੁਗ' ਦੀ ਨਿਸ਼ਾਨੀ ਨੂੰ ਰੱਜ ਰੱਜ ਕੇ ਪਿਆਰ ਸਤਿਕਾਰ ਦੇਈਏ।--ਜਾਗੀਰ ਸਿੰਘ (ਡਾ), ਸੰਪਾਦਕ 'ਅੰਮ੍ਰਿਤ ਕੀਰਤਨ' 422 ਸੈਕਟਰ 15 ਏ ਚੰਡੀਗੜ੍ਹ ਮੁਬਾਈਲ-9855640630

**ਜ਼ਰੂਰੀ ਸੂਚਨਾ**

**ਮੈਗਜ਼ੀਨ ਮਿਲਣ ਤੇ ਮੋਬਾਈਲ ਨੰਬਰ 9855640630 ਤੇ ਜ਼ਰੂਰ ਸੂਚਿਤ ਕਰੋ ਜੀ।**

# Bhai Shamsher Singh Zakhmi

Dr. Amardev Singh



Bhai Shamsher Singh Zakhmi was born in the village of Manko in the Jalandhar district of Punjab into the home of Bhai Daulat Singh Ji and Mata Raj Kaur Ji. His father and his grandfather, Bhai Fateh Singh Ji were both renowned Raagis of their time as was Bhai Daulat Singh Ji's older brother, Bhai Sardara Singh Ji who used to play the taus. Bhai Shamsher Singh Ji was the younger brother of Bhai Dharam Singh Zakhmi. Along with their other brother, Bhai Gursharan Singh Zakhmi (Phuman Singh), they formed a jatha and started to perform Kirtan. Although all three brothers had received their initial training from their father and grandfather, they were also sent to the renowned Prof. Darshan Singh Komal to further their journey into Gurmat Sangeet. Under his guidance, they learned many old compositions passed down to Komal Ji from Bhai Sain Ditta Ji. Some of Komal Ji's other notable students include Bhai Didar Singh Nangal, Bhai Chanan Singh Majboor, Bhai Sital Singh Sitara and Bhai Beant Singh Bijli among many others.

Around 1960, Bhai Dharam Singh Zakhmi's son, Bhai Amrik Singh Zakhmi joined the jatha and played the dilruba with them. Soon after, Bhai Gursharan Singh Zakhmi migrated to England and to fill up this void, Bhai Dharam Singh Zakhmi's other son, Bhai Hariqbal Singh Ji started to play tabla. This jatha consisting the four of them continued to enthrall the world over with their beautiful Kirtan for almost 20 years until the death of Bhai Dharam Singh Zakhmi on 19th January 1980.

It was after this time that Bhai Shamsher Singh Ji formed his own jatha with Bhai Mohanpal Singh Ji on his side and Bhai Akaal Singh Ji on tabla. They toured a few countries such as the UK, USA and Canada with this jatha. They were extensively

recorded during these tours thanks to a few great people whose foresight has allowed us to enjoy these wonderful recordings. One interesting fact to note regarding the passing of Bhai Shamsher Singh Zakhmi is that he took his last breath exactly 8 years after Bhai Dharam Singh Ji on the 19th of January 1988 in Delhi.

A short while before that he asked his aunt, “Chachi Ji, today is the day that brother left us isn’t it?”, to which she replied “Yes”. He performed his daily Nitnem and then went back to bed. At around 6 a.m. when his family checked on him, they found that he had passed away.

E-mail: kirtansewamalaysia@gmail.com

# ਰਾਗ ਭੂਪਾਲੀ

ਗੁਰਬਖਸ਼ ਸਿੰਘ

ਭੂਪ ਕਲਿਆਨ ਜਾਂ ਭੂਪਾਲੀ, ਕਲਿਆਨ ਠਾਠ ਦਾ ਰਾਗ ਹੈ। ਸੁਰਾਂ ਦੇ ਲਿਹਾਜ਼ ਨਾਲ ਇਹ ਰਾਗ ਬਿਲਾਵਲ ਠਾਠ ਦਾ ਵੀ ਹੋ ਸਕਦਾ ਸੀ ਪਰ ਇਸ ਦਾ ਸੁਭਾਅ ਕਲਿਆਨ ਨਾਲ ਜ਼ਿਆਦਾ ਮਿਲਦਾ ਹੈ। ਕਲਿਆਨ ਰਾਗ ਦੇ ਸੁਰ ਵਿਸਥਾਰ ਵਿੱਚੋਂ ਜੇ ਮੱਧਯਮ ਅਤੇ ਨਿਖਾਦ ਕੱਢ ਦਿੱਤੇ ਜਾਣ ਤਾਂ ਉਹ ਭੂਪਾਲੀ ਦੀ ਰੂਪ ਰੇਖਾ ਇਖਤਿਆਰ ਕਰ ਲਵੇਗਾ ਪਰ ਇਸੇ ਤਰਾਂ ਰਾਗ ਬਿਲਾਵਲ ਦੇ ਸੁਰ ਵਿਸਥਾਰ ਵਿੱਚੋਂ ਮੱਧਯਮ ਅਤੇ ਨਿਖਾਦ ਕੱਢਣ ਨਾਲ ਉਸ ਦੀ ਰੂਪ ਰੇਖਾ ਰਾਗ ਦੇਸਕਾਰ ਬਣੇਗੀ ਨਾ ਕਿ ਭੂਪਾਲੀ। ਭੂਪਾਲੀ ਵਿੱਚ ਮੱਧਯਮ ਅਤੇ ਨਿਖਾਦ ਵਰਜਤ ਪਰ ਬਾਕੀ ਸੁਰ ਸ਼ੁਧ ਲੱਗਦੇ ਹਨ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਧੈਵਤ ਹੈ। ਰਾਤ ਦੇ ਪਹਿਲੇ ਪਹਿਰ ਗਾਏ ਜਾਣ ਵਾਲਾ ਇਹ ਰਾਗ ਬਹੁਤ ਸਰਲ ਪ੍ਰਤੀਤ ਹੁੰਦਾ ਹੈ ਪਰ ਇਸ ਗੱਲ ਵਿੱਚ ਬਹੁਤੀ ਸਚਾਈ ਨਹੀਂ ਕਿਉਂਕਿ ਰਾਗਦਾਰੀ ਦੀ ਪੂਰੀ ਸਮਝ ਨਾ ਹੋਣ ਤੇ ਇਹ ਰਾਗ ਦੇਸਕਾਰ ਅਤੇ ਸ਼ੁੱਧ ਕਲਿਆਣ ਨਾਲ ਉਲਝ ਸਕਦਾ ਹੈ। ਰਾਗ ਭੂਪਾਲੀ ਪੂਰਵਾਂਗ ਹੁੰਦਿਆਂ ਹੋਇਆਂ ਵੀ ਤਿੰਨਾਂ ਸਪਤਕਾਂ ਵਿੱਚ ਇਸ ਦਾ ਵਿਸਤਾਰ ਭਲੀ ਭਾਂਤ ਹੁੰਦਾ ਹੈ।

**ਆਰੋਹ**: ਸ, ਰ, ਗ, ਪ, ਧ ਸੰ

**ਅਵਰੋਹ**: ਸੰ, ਧ ਪ ਗ, ਰ, ਸ

**ਮੁੱਖ ਅੰਗ**: ਸ ਧ਼ ਸ ਰ ਗ, ਪ ਗ ਧ ਪ ਗ।

**ਚਾਲ**: ਸ ਧ਼ ਸ, ਸ ਰ ਧ਼ ਪ਼ – ਧ਼ ਸ, ਸ ਧ਼ ਸ ਰ ਗ – ਗ ਰ ਸ ਧ਼ ਸ, ਧ਼ ਸ ਰ ਗ – ਰ ਗ ਰ ਸ, ਸ ਰ ਗ – ਰ ਗ ਪ ਗ – ਗ ਪ ਧ ਪ ਗ – ਰ ਗ ਰ ਸ, ਗ ਰ ਗ ਪ – ਗ – ਗ ਪ ਧ ਪ ਗ ਰ – ਗ ਪ ਧ ਪ ਗ ਪ – ਗ ਪ ਧ ਪ ਧ ਸੰ, ਗ ਪ ਧ ਸੰ – ਸੰ ਰੰ ਗੰ ਰੰ – ਧ ਸੰ, ਸੰ ਗੰ ਰੰ ਸੰ ਧ ਪ – ਧ ਪ ਗ – ਰ ਗ ਰ ਸ, ਸ ਧ਼ ਸ ਰ ਗ – ਰ – ਸ।

## ਭੂਪਾਲੀ (ਝੱਪ ਤਾਲ)

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥
ਤਾਪ ਪਾਪ ਸੰਤਾਪ ਬਿਨਾਸੇ ॥ ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥
ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥ ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥
(ਬਿਲਾਵਲੁ ਮਹਲਾ ੫) ਅੰਗ ੮੦੬

## ਅਸਥਾਈ

| | | | | | | | | | |
|---|---|---|---|---|---|---|---|---|---|
| | | | | | | | | ਸ | ਰ |
| | | | | | | | | ਗੁ | ਰ |
| ਗ | ਗ | ਗ | ਗ | – | ਗ | ਸ | ਰ | ਸ | ਰ |
| ਸਾਂ | S | ਤ | ਪਾ | S | ਈ | S | S | ਗੁ | ਰ |
| ਪਗ | – | ਗ | ਗ | ਪ | ਧ | ਪ | ਧ | ਪ | ਗ |
| ਸਾਂ | S | ਤ | ਪਾ | S | S | S | S | ਈ | S |
| ਗ | ਗ | ਪ | – | ਧ | ਸੰ | – | ਸੰ | ਧ | ਪ |
| ਸ | ਤ | ਗੁ | S | ਰ | ਪੂ | S | ਰੇ | S | S |
| ਗ | ਰ | ਗ | ਧ | ਪ | ਗ | ਰ | ਗਰ | ਸ | ਧ਼ |
| ਸੁ | ਖ | ਉ | S | ਪ | ਜੇ | S | ਬਾS | ਜੇ | S |
| ਧ਼ਗ | ਰ | ਗ | ਧ | ਪ | ਗ | ਰ | ਗ, | ਸ | ਰ |
| ਅS | ਨ | ਹ | S | ਦ | ਤੂ | S | ਰੇ, | ਗੁ | ਰ |
| x | | ੨ | | | ੦ | | ੩ | | |

## ਅੰਤਰਾ

| | | | | | | | | | |
|---|---|---|---|---|---|---|---|---|---|
| ਪ | – | ਧ | ਪ | ਗ | ਪ | ਧ | ਸੰ | ਧ | ਧ |
| ਤਾ | S | ਪ | S | S | ਪਾ | S | ਪ | S | ਸੰ |
| ਸੰ | – | ਸੰ | – | ਸੰ | ਧ | ਰੰ | ਸੰ | – | – |
| ਤਾ | S | ਪ | S | ਬਿ | ਨਾ | S | ਸੇ | S | S |
| ਪ | ਧ | ਸੰ | – | ਰੰ | ਗੰ | ਰੰ | ਸੰ | ਧ | ਪ |
| ਹ | ਰ | ਸਿ | S | ਮ | ਰ | ਤ | ਕਿ | S | ਲ |
| ਗ | ਰ | ਗ | ਧ | ਪ | ਗ | ਰ | ਗ, | ਸ | ਰ |
| ਬਿ | ਖ | ਸ | S | ਭ | ਨਾ | S | ਸੇ, | ਗੁ | ਰ |
| x | | ੨ | | | ੦ | | ੩ | | |

**ਨੋਟ** : ਮੇਰੇ ਪਹਿਲੇ ਉਸਤਾਦ ਫਿਰੋਜ਼ਪੁਰ ਨਿਵਾਸੀ ਪੰਡਤ ਕਾਂਸ਼ੀ ਰਾਮ ਜੀ ਦੀ ਦੇਣ।

**e-mail: gurbuxsingh@gmail.com**

# AEROFLEX®

## The Ideal EPDM Thermal Insulation for HVAC & R



- Closed cell elastomeric foam
- Temp. range: -70˚C to 150˚C
- Excellent Fire resistance
- Least Smoke Density & Toxicity
- Non-polar
- CFC/ HCFC free
- Low thermal conductivity
- Anti-microbial
- Non-corrosive

**AEROFLEX® EPDM Closed cell structure elastomeric foam**

Being halogen-free makes Aeroflex EPDM the most suitable choice of insulation for all types of projects as it has the least smoke density and toxicity with excellent fire resistance properties. With its anti-microbial and nonpolar properties, it ensures no moisture ingress or microbial contamination. EPDM is extremely durable and flexible in nature and has the widest working range of temperature, which makes it the most suitable choice of insulation for all HVAC & R applications. Not only is it CFC, HCFC, dust & nitrosamine free, but also eco-friendly by nature.

UL 94 · ASTM E84/D635/G134/C534 · RoHS · FDA · DIN · IMO International Maritime Organization

+91-124-4731500 · marketing@alpaeroflex.com · www.alpaeroflex.com